**Dr. Jagdish Kaur (Associate)**
IIIrd spell (September, 2022.)
92564-46863
dishajogipau@yahoo.in

**Motifs, Patterns and Symbols of '*Dari*'**

**(reading *'Dari'* as a Cultural Text of Punjab)**

**ਦਰੀ ਦੇ ਮੋਟਿਫ਼, ਪੈਟਰਨ ਅਤੇ ਪ੍ਰਤੀਕ**

**(ਪੰਜਾਬ ਵਿਚ ਬੁਣੀ ਜਾਂਦੀ ਰਹੀ ਦਰੀ ਨੂੰ ਇੱਕ ਸਭਿਆਚਾਰਕ ਟੈਕਸਟ ਵਜੋਂ ਦੇਖਦਿਆਂ)**

**Key words :**

Weaving, *Dari*, motif, pattern, symbol, field work text, folk art, cultural product, material and non material culture, tradition, motifs, catharsis, *adda, charkha,* deconstruction, folklore, myths, locality,regional studies, *mor, tota, sher, machhi, gul/gudda, kataan, lehriaa, chop, shatranj, passa, adda, charkha,*

1. ਸੂਤ ਨਾਲ ਬੁਣੀ ਜਾਂਦੀ ਦਰੀ ਪੰਜਾਬੀ ਬਿਸਤਰੇ ਦਾ ਅਭਿੰਨ ਅੰਗ ਰਹੀ ਹੈ। ਅਸੀਂ ਜਾਣਦੇ ਹਾਂ ਕਿ ਹਰ ਸਭਿਆਚਾਰ ਪਦਾਰਥਕ, ਬੌਧਾਤਮਕ ਅਤੇ ਪ੍ਰਤੀਕਾਤਮਕ ਪੱਖਾਂ ਦਾ ਮਿਸ਼ਰਣ ਹੁੰਦਾ ਹੈ। ਦਰੀ ਨੂੰ ਅਸੀਂ ਇਸਦੇ ਪਦਾਰਥਕ ਸਭਿਆਚਾਰ ਅਧੀਨ, ਵਿਰਾਸਤੀ ਵਸਤ ਵਜੋਂ ਵਿਚਾਰ ਸਕਦੇ ਹਾਂ। ਦਰੀ ਨੂੰ ਪੰਜਾਬੀ ਲੋਕ ਗਰਮੀਆਂ ਵਿਚ ਸੌਣ ਲਈ , ਬਰਾਤ ਦੇ ਸਵਾਗਤ ਲਈ, ਕੁੜੀ ਦੇ ਦਾਜ ਲਈ, ਵਰਤਦੇ ਸਨ । ਅੱਜਕੱਲ ਐਂਟੀਕ ਵਿਰਾਸਤੀ ਵਸਤ ਵਜੋਂ ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲੇ ਇਸ ਨੂੰ ਡਰਾਇੰਗ ਰੂਮ ਵਿਚ ਕਾਲੀਨ ਵਜੋਂ ਵਿਛਾਉਂਦੇ ਹਨ। ਮੰਦਰਾਂ ਗੁਰੂਦੁਆਰਿਆਂ ਵਿਚ ਵੀ ਇਸ ਨੂੰ ਵਿਛਿਆ ਦੇਖਿਆ ਜਾ ਸਕਦਾ ਹੈ। ਦਰੀ ਪੰਜਾਬ ਦੇ ਭੂਗੋਲਿਕ ਖਿੱਤੇ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੀ ਹੈ ਜਿਸ ਵਿਚ ਕਪਾਹ ਦੀ ਖੇਤੀ ਸਦੀਆਂ ਤੋਂ ਹੁੰਦੀ ਆ ਰਹੀ ਹੈ ਅਤੇ ਸੂਤ ਕੱਤਣ ਅਤੇ ਦਰੀਆਂ ਖੇਸ ਬੁਣਨ ਦੀ ਪਰੰਪਰਾ ਕਈ ਸਦੀਆਂ ਪੁਰਾਣੀ ਦਿਸਦੀ ਹੈ। । ਕਤਾਈ ਦਾ ਜ਼ਿਕਰ ਗੁਰਮਤਿ ਕਾਵਿ, ਸੂਫੀ ਕਾਵਿ ਅਤੇ ਕਿੱਸਾ- ਕਾਵਿ ਬਹੁਤੀ ਥਾਈਂ ਕੀਤਾ ਮਿਲਦਾ ਹੈ।
2. ਇਹ, ਵੀਹਵੀ ਸਦੀ ਤੱਕ ਦੀ ਉਹ ਕਹਾਣੀ ਹੈ ਵਿਚ ਜਿਸ ਵਿਚ ਹਾਲੇ ਮਸ਼ੀਨੀਕਰਨ ਨੇ ਪਿੰਡਾਂ-ਕਸਬਿਆਂ ਨੂੰ ਨਹੀਂ ਸੀ ਛੁਹਿਆ ਅਤੇ ਸਾਦੇ ਘਰੇਲੂ ਸੰਦਾਂ ਨਾਲ ਹੀ ਇਹ ਕਾਰਜ ਹੁੰਦਾ ਸੀ। ਵੀਹਵੀਂ ਸਦੀ ਦੇ ਅੰਤ ਤੱਕ ਇਸ ਦੇ ਸੁਨਹਿਰੀ ਯੁੱਗ ਦਾ ਵੀ ਅੰਤ ਹੋ ਜਾਂਦਾ ਹੈ। ਸਭਿਆਚਾਰ ਅਧਿਐਨ ਦੀ ਭਾਸ਼ਾ ਵਿਚ ਇਹ, ਪੰਜਾਬੀ ਸਭਿਆਚਾਰ ਦੀ ਇੱਕ ਵਿਲੱਖਣ ਸੱਭਿਆਚਾਰਕ ਟੈਕਸਟ ਹੈ ਜਿਸ ਦਾ ਅਧਿਐਨ ਕਰਨ ਲਈ ਅੰਤਰ-ਅਨੁਸ਼ਾਸਨੀ-ਪਹੁੰਚ ਵਿਧੀ ਹੀ ਸਹਾਈ ਹੋ ਸਕਦੀ ਹੈ। ਇਸ ਹੱਥਲੇ ਖੋਜ-ਪੱਤਰ ਦਾ ਵਿਸ਼ਾ ਦਰੀ ਦੇ ਮੋਟਿਫਾਂ ਅਤੇ ਪ੍ਰਤੀਕਾਂ ਦਾ ਅਧਿਐਨ ਹੈ ਜਿਸ ਲਈ ਮੈਂ ਆਪਣੇ ਖੇਤਰੀ-ਕਾਰਜ ਨੂੰ ਆਧਾਰ ਬਣਾਇਆ ਹੈ।
3. ਪੰਜਾਬ ਦੀਆਂ ਦਰੀਆਂ ਦਾ ਖੇਤਰੀ ਕਾਰਜ ਕਰਦਿਆਂ ਇਹ ਗੱਲ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਦਰੀ ਵਿਕੋਲਿਤਰੇ ਮੋਟਿਫਾਂ ਅਤੇ ਨਮੂਨਿਆਂ ਵਾਲੀ ਹੁੰਦੀ ਹੈ। ਇਸ ਖੋਜ-ਪੱਤਰ ਦਾ ਵਿਸ਼ੇਸ਼ ਮਕਸਦ ਦਰੀ ਦੇ ਨਮੂਨਿਆਂ ਵਿਚ ਮਿਲਦੇ ਮੋਟਿਫਾਂ ਅਤੇ ਪ੍ਰਤੀਕਾਂ ਦੀ ਨਿਸ਼ਾਨਦੇਹੀ ਕਰਨਾ ਹੈ। ਇਹ ਵਿਸ਼ੇਸ਼ ਰੂਪ ਗੌਲਣਯੋਗ ਹੈ ਕਿ ਕਤਾਈ, ਕਢਾਈ, ਬੁਣਾਈ , ਰੰਗਾਈ ਅਤੇ ਹੋਰ ਕਈ ਹਸਤ ਕਲਾਵਾਂ ਵਾਂਗ, ਦਰੀਆਂ ਦੀ ਬੁਣਾਈ ਦਾ ਕਾਰਜ ਵੀ ਪੰਜਾਬੀ ਸੁਆਣੀਆਂ ਕਰਦੀਆਂ ਰਹੀਆਂ ਹਨ , ਨਿਸ਼ਚੇ ਹੀ ਇਸ ਦੇ ਮੋਟਿਫ਼ ਅਤੇ ਪ੍ਰਤੀਕ, ਔਰਤ ਮਨ ਦੀ ਕਲਾਤਮਕ ਸਿਰਜਣਾ ਦਾ ਹਿੱਸਾ ਹਨ। ਇਹ ਨਾ ਕੇਵਲ ਉਸਦੇ ਜਗਤ ਪ੍ਰਤਿ ਭਾਵ-ਬੋਧ ਨੂੰ ਹੀ ਪ੍ਰਗਟਾਉਂਦੇ ਹਨ ਬਲਕਿ ਯਥਾਰਥ ਅਤੇ ਸਿਰਜਣਾ ਦੇ ਸੁਮੇਲ ਰਾਹੀਂ ਉਸ ਦੇ ਮਨ ਦੀ ਸੰਵੇਦਨਾ ਦਾ ਵੀ ਰਾਹ ਬਣਦੇ ਰਹੇ ਹੋਣਗੇ। ਇਸ ਬਾਰੇ ਗੱਲ ਕਰਦਿਆਂ ਪਿੰਡ ਬੂਥਗੜ੍ਹ ਦੀ ਰਾਜਵੰਤ ਕੌਰ ਨੇ ਦੱਸਿਆ ਕਿ ਔਰਤਾਂ ਨਵੇਂ ਨਮੂਨੇ ਲੱਭਣ ਲਈ ਹਰ ਯਤਨ ਕਰਦੀਆਂ ਸਨ। ਆਪਣੇ ਨਮੂਨੇ ਦੀ ਵਿਲੱਖਣਤਾ ਬਣਾਈ ਰੱਖਣ ਲਈ ਨਮੂਨਾ ਲੁਕੋ ਕੇ ਰੱਖਦੀਆਂ। ਕਈ ਰਕਾਨਾਂ ਤਾਂ ਨਮੂਨਾ ਦੇਖ ਕੇ ਮੂੰਹ ਜ਼ੁਬਾਨੀ ਹੀ ਨਮੂਨਾ ਉਤਾਰ ਲੈਂਦੀਆਂ। ਇਸ ਨੁਕਤੇ ਤੋਂ ਦੇਖਣਾ ਬਿਨਾਂ ਸ਼ੱਕ ਇਹ ਦਿਲਚਸਪ ਹੋਵੇਗਾ ਕਿ ਦਰੀਆਂ ਦੇ ਇਹ ਨਮੂਨੇ ਅਤੇ ਇਹਨਾਂ ਵਿਚਲੇ

ਮੋਟਿਫ਼ ਕਿਹੋ ਜਿਹੇ ਹੁੰਦੇ ਹਨ ਅਤੇ ਕਿਵੇਂ ਇਹ ਅੱਗੇ ਜਾ ਕੇ ਪੰਜਾਬ ਦੇ ਜਨ ਜੀਵਨ ਅਤੇ ਮਨੁੱਖੀ ਮਨ ਲਈ ਪ੍ਰਤੀਕ ਵੀ ਬਣ ਜਾਂਦੇ ਸਨ।

4. **ਮੋਟਿਫ਼ ਕੀ ਹੁੰਦੇ ਹਨ ?**

ਪੰਜਾਬੀ ਲੋਕਧਾਰਾ ਅਧਿਐਨ ਵਿਚ ਮੋਟਿਫ਼ ਨੂੰ ਲੋਕ-ਰੂੜ੍ਹੀ ਵਜੋਂ ਜਾਣਿਆਂ ਜਾਂਦਾ ਹੈ। ਲੋਕ-ਰੂੜੀਆਂ ਲੋਕ-ਧਾਰਾ ਵਿਗਿਆਨ ਦੇ ਖੇਤਰ ਦਾ ਸੰਕਲਪਕ ਸ਼ਬਦ ਹੈ। ਲੋਕ ਮਨ ਆਪਣੀ ਸਿਰਜਣਾਤਮਕਤਾ ਦਾ ਪ੍ਰਗਟਾਅ ਕਰਨ ਲਈ ਲੋਕ-ਰੂੜੀਆਂ ਨੂੰ ਆਧਾਰ ਬਣਾਉਂਦਾ ਹੈ। ਡਾ. ਨਾਹਰ ਸਿੰਘ ਅਨੁਸਾਰ,

" ਲੋਕ ਰੂੜੀ ਇੱਕ ਪ੍ਰਕਾਰ ਵਿੱਚ ਰੂੜ੍ਹ ਹੋ ਕੇ ਪਰੰਪਰਾ ਵਿੱਚ ਸਥਾਪਿਤ ਹੋ ਚੁੱਕੇ ਮੋਟਿਫ਼ ਹਨ। " ਕੇਸਰ ਸਿੰਘ ਕੇਸਰ (.ਸੰਪਾ), ਪੰਜਾਬੀ ਸਾਹਿਤ ਕੋਸ਼ (ਭਾਗ ਤੀਜਾ), ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, (ਉਧਰਿਤ ਡਾਨਾਹਰ ਸਿੰਘ ., ਲੋਕ ਧਾਰਾ-ਪੱਤਰ1973) ਪੰਨਾ 31।

ਹਰ ਲੋਕ ਸਮੂਹ ਆਪਣੀ ਪਰੰਪਰਾ ਵਿੱਚੋਂ ਲੋਕ ਰੂੜੀਆਂ ਲੈ ਕੇ ਵਰਤਦਾ ਹੋਇਆ ਆਪਣੀ ਸੰਚਾਰ ਸਮਰੱਥਾ ਦਾ ਵਾਧਾ ਕਰਦਾ ਹੈ ਅਤੇ ਨਾਲ਼ੋਂ ਨਾਲ਼ ਨਵੀਆਂ ਰੂੜੀਆਂ ਸਿਰਜਦਾ ਜਾਂਦਾ ਹੈ।
ਡਾ. ਕਰਨੈਲ ਸਿੰਘ ਥਿੰਦ ਅਨੁਸਾਰ,

" ਕਲਾ, ਸਾਹਿਤ, ਨ੍ਰਿਤ, ਧਰਮ, ਵਿਗਿਆਨ ਆਦਿ ਸਭ ਲੋਕ-ਧਾਰਾ ਦੀਆਂ ਰੂੜੀਆਂ ਤੋਂ ਪੈਦਾ ਹੋਏ ਹਨ। ਇਹਨਾਂ ਸਭ ਦੀ ਚੂਲ਼ ਲੋਕ ਰੂੜੀਆਂ ਹੀ ਹਨ। ਲੋਕ-ਧਾਰਾ ਸਾਡੀ ਸੋਚ, ਕਲਾ ਸਾਹਿਤ ਤੇ ਚਿੰਤਨ ਦੀਆਂ ਰੂੜੀਆਂ ਚੋਂ ਪੈਦਾ ਹੋਈ ਹੈ। ਧਰਮ ਦੇ ਅਨੇਕਾਂ ਸਿਧਾਂਤ ਲੋਕ ਰੂੜੀਆਂ ਵਿੱਚੋਂ ਹੀ ਪੈਦਾ ਹੁੰਦੇ ਹਨ। ( ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਪੰਨਾ 52-53)

Art glossary ਅਨੁਸਾਰ any figure or design, when used either as the central element in a work or is repeated to create an architectural or decorative pattern. Also a recurrent thematic element in any work. *(LatinArt.com. Retrieved December 13, 2011)*

ਇਉਂ ਅੰਗਰੇਜ਼ੀ ਦੇ ਸ਼ਬਦ ਮੋਟਿਫ਼ ਦਾ ਪੰਜਾਬੀ ਵਿਚ ਪਰਿਆਇ ਸ਼ਬਦ 'ਰੂੜੀ' ਹੈ ਪਰ ਇਥੇ ਇਸ ਪੇਪਰ ਵਿਚ ਅਸੀਂ ਮੋਟਿਫ਼ ਸ਼ਬਦ ਦੀ ਹੀ ਵਰਤੋਂ ਕੀਤੀ ਹੈ। ਮੋਟਿਫ਼ ਨੂੰ, ਨਮੂਨੇ ਦੀ ਮੁੱਢਲੀ ਇਕਾਈ ਵਜੋਂ ਪਛਾਣਿਆ ਜਾ ਸਕਦਾ ਹੈ। ਸੋ ਮੋਟਿਫ਼ ਅਜਿਹੀ ਥੀਮਕ ਇਕਾਈ ਹੈ ਜੋ ਆਪਣੇ ਆਪ ਵਿੱਚ ਪੂਰਨ ਵੀ ਹੈ ਤੇ ਦੂਜੇ ਮੋਟਿਫਾਂ ਨਾਲ ਮਿਲ ਕੇ ਰਚਨਾਤਮਕ ਅੰਤਰ-ਸੰਬੰਧਿਤ ਬਣਾਉਂਦੀ ਹੋਈ ਨਵੀਂ ਸਿਰਜਣਾ ਕਰਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਮੋਟਿਫ਼ ਕਿਸੇ ਨਮੂਨੇ ਦਾ Structural element ਹੁੰਦਾ ਹੈ, ਆਪਣੇ ਆਪ ਵਿਚ ਸੁਤੰਤਰ ਇਕਾਈ ਹੁੰਦਾ ਹੈ ਅਤੇ ਬਾਕੀ ਮੋਟਿਫਾਂ ਨਾਲ ਮਿਲ ਕੇ ਵਿਕੋਲਿਤਰੇ ਪੈਟਰਨ ਸਿਰਜਦਾ ਹੈ।

ਦਰੀਆਂ ਦੀ ਬੁਣਾਈ ਦਾ ਵਿਸ਼ਲੇਸ਼ਣ ਵਿਭਿੰਨ ਅਤੇ ਵਿਕੋਲਿਤਰੇ ਮੋਟਿਫਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਸਕਦਾ ਹੈ। ਇਹ ਕਿਸੇ ਪੈਟਰਨ ਵਿਚ ਕਈ ਵਾਰ ਦੁਹਰਾਏ ਜਾਂਦੇ ਦਿਸਦੇ ਹਨ। ਪੰਜਾਬੀ ਦਰੀ ਕਲਾ ਵਿਚ ਜਿਊਮੈਟਰੀਕਲ ਮੋਟਿਫਾਂ ਵਿਚ ਸਿੱਧੀਆਂ ਰੇਖਾਵਾਂ, ਕਟਾਂ, ਗੁੱਲ, ਡੱਬੇ, ਤਿਕੋਣ ਦੇਖੇ ਜਾ ਸਕਦੇ ਹਨ ਅਤੇ ਆਕਾਰਮੂਲਕ ਮੋਟਿਫਾਂ ਵਿਚ ਬੁਣਕਰ ਦੀ ਕਲਪਨਾ ਦਾ ਕੋਈ ਅੰਤ ਹੀ ਨਹੀਂ ਹੈ। ਗੱਲ ਕੀ ਸਮਾਜਿਕ ਚੌਗਿਰਦੇ ਤੋਂ ਕਲਪਨਾ ਦੀ ਦੁਨੀਆ ਤੱਕ, ਹਜ਼ਾਰਾਂ ਮੋਟਿਫ਼ ਦਰੀਆਂ ਦੇ ਸ਼ਿੰਗਾਰ ਹਨ। ਇਸ ਵਿਚ ਖੇਤੀਬਾੜੀ, ਘਰੇਲੂ ਸਾਜ਼ੋ-ਸਮਾਨ, ਰੌਸ਼ਨੀ ਆਵਾਜਾਈ, ਪਾਣੀ, ਕੁਦਰਤ, ਲੋਕ-ਖੇਡਾਂ, ਮਨੁੱਖ-ਜੀਵ-ਜੰਤੂ ਜਨੌਰ ਸਭ ਖੇਤਰਾਂ ਦੇ ਮੋਟਿਫ਼ ਸ਼ਾਮਿਲ ਹਨ।

5. **ਬੁਣਾਈ ਕਲਾ ਦੇ ਨੁਕਤੇ ਤੋਂ ਦਰੀ ਦੇ ਮੋਟਿਫਾਂ ਦੀਆਂ ਕੁਝ ਵਿਸ਼ੇਸ਼ਤਾਈਆਂ ਇਹ ਬਣਦੀਆਂ ਹਨ:**

- ਨਮੂਨੇ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਮੋਟਿਫ਼ ਦਾ ਨਾਮ ਦਿੱਤਾ ਜਾਂਦਾ ਹੈ। ਭਾਵ ਮੋਟਿਫ਼ ਨੂੰ ਨਮੂਨੇ ਦੀ ਮੁੱਢਲੀ ਇਕਾਈ ਵਜੋਂ ਪਛਾਣਿਆ ਜਾ ਸਕਦਾ ਹੈ।

- ਮੋਟਿਫ਼ ਇੱਕ ਅਜਿਹਾ ਤੱਤ ਹੈ ਜੋ ਇੱਕ ਤੋਂ ਵੱਧ ਨਮੂਨਿਆਂ ਵਿੱਚ ਮੁੜ-ਮੁੜ ਦੁਹਰਾਇਆ ਜਾਂਦਾ ਹੈ।
- ਮੋਟਿਫ਼ ਅਜਿਹੀ ਛੋਟੀ ਤੋਂ ਛੋਟੀ ਇਕਾਈ ਹੈ ਜੋ ਆਪਣੇ ਆਪ ਵਿੱਚ ਪੂਰਨ ਵੀ ਹੈ ਤੇ ਦੂਜੇ ਮੋਟਿਫ਼ਾਂ ਨਾਲ ਰਚਨਾਤਮਕ ਪੱਧਰ ਤੇ ਅੰਤਰ ਸੰਬੰਧਿਤ ਵੀ।
- Basic method kunda ਮੋਟਿਫ਼ ਦੀ ਬੁਣਾਈ ਦਾ ਮੁਖ ਨੁਕਤਾ ਕੁੰਦਾ ਹੁੰਦਾ ਹੈ I ਕੁੰਦਿਆਂ ਦੇ ਖਾਸ ਵਧਾਅ-ਘਟਾਅ ਨਾਲ ਮੋਟਿਫ਼ ਸਿਰਜੇ ਜਾਂਦੇ ਹਨ। ਭਾਵ ਮੋਟਿਫ਼ ਕੁੰਦਾ-ਦਰ-ਕੁੰਦਾ ਵੱਧਦੇ / ਘਟਦੇ ਹਨ।
- ਇਹ ਇੱਕ ਰੰਗ ਦੇ ਜਾਂ ਬਹੁਰੰਗੀ ਹੋ ਸਕਦੇ ਹਨ।
- ਇਹ ਆਪਣੇ ਆਪ ਵਿਚ ਮੁਖ ਨਮੂਨਾ ਸਿਰਜ ਸਕਦੇ ਹਨ ਜਾਂ ਮੁਖ ਨਮੂਨੇ ਦੁਆਲੇ ਬਾਡਰ , ਪੱਲੇ, ਘੇਰੇ ਦੇ ਰੂਪ ਵਿਚ ਵੀ ਸ਼ਾਮਿਲ/ਗੁੰਦੇ ਹੋ ਸਕਦੇ ਹਨ।
- ਕਈ ਵਾਰ ਇੱਕ ਮੋਟਿਫ਼ ਹੀ ਪੂਰਾ ਨਮੂਨਾ ਹੁੰਦਾ ਹੈ I
- ਇਹ ਇੱਕੋ ਨਮੂਨੇ ਵਿਚ ਵਾਰ-ਵਾਰ ਦੁਹਰਾਏ ਵੀ ਜਾ ਸਕਦੇ ਹਨ।
- ਇੱਕੋ ਮੋਟਿਫ਼ ਦਰੀਆਂ ਦੇ ਅਲੱਗ ਅਲੱਗ ਨਮੂਨਿਆਂ ਵਿਚ ਮੁੜ-ਮੁੜ ਆਉਂਦਾ ਰਹਿੰਦਾ ਹੈ ਜਿਵੇਂ ਗੁੱਲ।
- ਮੋਟਿਫ਼ ਸਿੰਪਲ ਬਣਤਰ ਦੇ ਹੁੰਦੇ ਹਨ ਆਪਸੀ ਮੇਲ-ਜੋਲ ਨਾਲ ਗੁੰਝਲਦਾਰ/ਕੰਪਲੈਕਸ ਨਮੂਨੇ ਦੀ ਸਿਰਜਣਾ ਵੀ ਕਰਦੇ ਹਨ।
- ਇਹ ਆਮ ਤੌਰ 'ਤੇ ਆਲੇ ਦੁਆਲੇ ਚੋ ਲਏ ਹੁੰਦੇ ਹਨ।
- ਇਹ ਪ੍ਰਚਲਿਤ ਪਰੰਪਰਾ ਵਿਚੋਂ ਗ੍ਰਹਿਣ ਵੀ ਕੀਤੇ ਜਾਂਦੇ ਹਨ ਅਤੇ ਨਵੇਂ ਸਿਰਿਓ ਸਿਰਜੇ ਵੀ ਜਾ ਸਕਦੇ ਹਨ I ਭਾਵ ਨਵੀਨੀਕਰਨ ਹੁੰਦਾ ਰਹਿੰਦਾ ਹੈ।
- ਇਹ ਗੱਲ ਖਾਸ ਤੌਰ 'ਤੇ ਧਿਆਨ ਰਖਣੀ ਚਾਹੀਦੀ ਹੈ ਕਿ ਲੋਕ ਕਲਾਵਾਂ ਵਿਚ ਮੋਟਿਫ਼ ਸੰਕੇਤਕ ਹੁੰਦੇ ਹਨ I ਇਹ ਜ਼ਰੂਰੀ ਨਹੀਂ ਕਿ ਉਹ ਹੂਬਹੂ ਆਪਣੀ ਦਰਸਾਉਂਦੀ ਵਸਤ-ਵਰਤਾਰੇ ਨਾਲ ਮਿਲਦੇ ਹੋਣ। ਜਿਵੇਂ ਚੱਕਬੰਦੀ, ਖੂਹ ਵਾਲੀ ਪੀਤੋ, ਡੱਡੂਆਂ ਦੀ ਦਰੀ।
- ਕਿਉਂਕਿ ਇਹ ਮੋਟਿਫ਼ ਬੁਣਕਰ ਸੁਆਣੀ ਦੀ ਸੁਹਜ ਸੰਵੇਦਨਾ ਵਿਚੋਂ ਲੰਘ ਕੇ ਰੂਪ ਅਤੇ ਵਿਉਂਤ ਗ੍ਰਹਿਣ ਕਰਦੇ ਹਨ ਸੋ-ਸਭਿਆਚਾਰਕ ਧਰਾਤਲ 'ਤੇ ਕਈ ਮੋਟਿਫ਼ ਪ੍ਰਤੀਕ ਵੀ ਬਣ ਜਾਂਦੇ ਹਨ ਜਿਵੇਂ ਮੋਰ ਤੋਤਾ, ਘੜਾ ,ਆਦਿ ਅਨੇਕਾਂ ਅਅਜਿਹੇ ਪ੍ਰਤੀਕ ਦਰੀ ਦੇ ਧਰਾਤਲ ਦੇ ਰਚੇ ਮਿਲ ਜਾਂਦੇ ਹਨ। ਅਜਿਹੇ ਪ੍ਰਤੀਕਾਂ ਦੀ ਨਿਸ਼ਾਨਦੇਹੀ ਅਤੇ ਵਿਸ਼ਲੇਸ਼ਣ ਖੋਜ-ਪੱਤਰ ਦੇ ਅਗਲੇ ਹਿੱਸੇ ਵਿਚ ਕੀਤਾ ਜਾਵੇਗਾ।

6. **ਪੈਟਰਨ / ਨਮੂਨਾ / ਡਿਜ਼ਾਈਨ**

1). **ਮੋਟਿਫਾਂ ਦੀ ਵਿਸ਼ੇਸ਼ ਤਰਤੀਬ** : ਮੋਟਿਫਾਂ ਨੂੰ ਵਿਸ਼ੇਸ਼ ਤਰਤੀਬ ਵਿਚ ਵਿਉਂਤ ਕੇ ਪੈਟਰਨ ਬਣਦੇ ਹਨ ਇੱਕ ਨਮੂਨਾ ਇੱਕ ਮੋਟਿਫ਼ ਤੋਂ ਵੀ ਬਣ ਸਕਦਾ ਹੈ ਅਤੇ ਮੋਟਿਫਾਂ ਦਾ ਦੁਹਰਾਅ ਵੀ ਹੋ ਸਕਦਾ ਹੈ I

2) **ਮੋਟਿਫਾਂ ਦਾ ਰਚਨਾਤਮਕ ਸੰਯੋਜਨ** : ਪੈਟਰਨ ਵਿਚ ਇੱਕ ਜਾਂ ਇੱਕ ਤੋਂ ਵੱਧ ਮੋਟਿਫਾਂ ਦਾ ਰਚਨਾਤਮਕ ਸੰਯੋਜਨ ਹੁੰਦਾ ਹੈ।

3) **ਮੁਕੰਮਲ ਇਕਾਈ (Organic unity)**

A work of art must have what Aristotle called “a beginning, a middle, and an end”; it must be unified, it must “hang together” as one entity.

ਦਰੀ ਦੇ ਪੈਟਰਨਾਂ ਦਾ ਆਦਿ ਮੱਧ ਅਤੇ ਅੰਤ ਹੁੰਦਾ ਹੈ ਜਿਸ ਨਾਲ ਇਹ ਮੁਕੰਮਲ ਇਕਾਈ ਬਣਦੇ ਹਨ।

4) **ਗੁੰਝਲਦਾਰ ਅਤੇ ਬਹੁ-ਭਾਂਤੀ (Complexity, or diversity)** : ਬਹੁਤੇ ਮੋਟਿਫ਼ ਆਮ ਤੌਰ ਤੇ ਸਰਲ ਬਣਤਰ ਦੇ ਹੁੰਦੇ ਹਨ ਪਰ ਆਪਸੀ ਮੇਲ-ਜੋਲ ਨਾਲ ਗੁੰਝਲਦਾਰ/ਕੰਪਲੈਕਸ ਨਮੂਨੇ ਦੀ ਸਿਰਜਣਾ ਵੀ ਕਰਦੇ ਹਨ।

5) ਅਨੇਕਤਾ ਵਿਚ ਏਕਤਾ (Theme and thematic variation/unity-in-variety) ਨਮੂਨੇ ਵਿਚ ਬੁਣੇ ਜਾਂਦੇ ਵਿਭਿੰਨ ਮੋਟਿਫ ਇਕ ਦੂਜੇ ਪੂਰਕ ਹੁੰਦੇ ਹਨ। ਅਨੇਕ ਮੋਟਿਫਾਂ ਦਾ ਸੰਯੋਜਨ ਇੱਕ ਵਿਲੱਖਣ ਨਮੂਨਾ ਸਿਰਜਦਾ ਹੈ ।

6) **ਏਕਤਾ ਵਿਚ ਅਨੇਕਤਾ (unity-in-diversity, or variety-in-unity) : ਹਰ ਮੁਕੰਮਲ ਨਮੂਨਾ ਆਪਣੇ ਆਪ ਵਿਚ ਅਨੇਕਾਂ ਮੋਟਿਫਾਂ ਦਾ ਮੇਲ-ਜੋਲ ਹੁੰਦਾ ਹੈ।**

7) **ਸੰਤੁਲਨ (Balance)** : ਹਰ ਪੈਟਰਨ ਵਿਚ ਵਿਸ਼ੇਸ਼ ਕਿਸਮ ਦਾ ਸੰਤੁਲਨ ਦੇਖਿਆ ਜਾ ਸਕਦਾ ਹੈ। ਖੱਬੇ-ਸੱਜੇ, ਉੱਪਰ-ਥੱਲੇ, ਖਾਸ ਸੰਤੁਲਨ ਨਮੂਨੇ ਸੰਤੁਲਿਤ ਇਕਾਈ ਵਿਚ ਬੰਨ੍ਹਦਾ ਹੈ।

8) **ਦੋਵਾਂ ਪਾਸਿਓ ਸਿੱਧਾ** : ਬੁਣਨ ਦੀ ਤਕਨੀਕ ਪੱਖੋਂ ਦਰੀ ਦੋਵਾਂ ਪਾਸਿਓਂ ਸਿੱਧੀ ਹੁੰਦੀ ਹੈ ਭਾਵ ਇੱਕੋ ਜਿਹੀ ਬੁਣੀ ਜਾਂਦੀ ਹੈ। ਇਸ ਦਾ ਕੋਈ ਸਿੱਧਾ-ਪੁਠਾ ਪਾਸਾ ਨਹੀਂ ਹੁੰਦਾ । ਮੋਟਿਫ਼ ਅਤੇ ਨਮੂਨੇ ਦੋਵਾਂ ਪਾਸਿਓਂ ਇੱਕੋ ਜਿਹੇ ਨਜ਼ਰ ਆਉਂਦੇ ਹਨ।

### 7. ਮੋਟਿਫਾਂ ਦੀਆਂ ਕਿਸਮਾਂ (Types of motifs)

ਦਰੀਆਂ ਦੀ ਬੁਣਾਈ ਦਾ ਵਿਸ਼ਲੇਸ਼ਣ ਵਿਭਿੰਨ ਅਤੇ ਵਿਕੋਲਿਤਰੇ ਮੋਟਿਫਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਸਕਦਾ ਹੈ। ਇਹ ਕਿਸੇ ਪੈਟਰਨ ਵਿਚ ਕਈ ਵਾਰ ਦੁਹਰਾਏ ਜਾਂਦੇ ਦਿਸਦੇ ਹਨ। ਪੰਜਾਬੀ ਦਰੀ ਕਲਾ ਵਿਚ ਜਿਉਮੈਟਰੀਕਲ ਮੋਟਿਫਾਂ ਵਿਚ ਸਿੱਧੀਆਂ ਰੇਖਾਵਾਂ, ਕਟਾਂ, ਗੁੱਲ, ਡੱਬੇ, ਤਿਕੋਣ ਦੇਖੇ ਜਾ ਸਕਦੇ ਹਨ ਅਤੇ ਆਕਾਰਮੂਲਕ ਮੋਟਿਫਾਂ ਵਿਚ ਬੁਣਕਰ ਦੀ ਕਲਪਨਾ ਦਾ ਕੋਈ ਅੰਤ ਹੀ ਨਹੀਂ ਹੈ। ਗੱਲ ਕੀ ਸਮਾਜਿਕ ਚੌਗਿਰਦੇ ਤੋਂ ਕਲਪਨਾ ਦੀ ਦੁਨੀਆ ਤੱਕ ਹਜ਼ਾਰਾਂ ਮੋਟਿਫ਼ ਦਰੀਆਂ ਦੇ ਸ਼ਿੰਗਾਰ ਹਨ। ਇਸ ਵਿਚ ਖੇਤੀਬਾੜੀ, ਘਰੇਲੂ ਸਾਜ਼ੋ-ਸਮਾਨ, ਰੌਸ਼ਨੀ ਆਵਾਜਾਈ, ਪਾਣੀ, ਕੁਦਰਤ, ਲੋਕ-ਖੇਡਾਂ, ਮਨੁੱਖ-ਜੀਵ-ਜੰਤੂ ਜਨੌਰ ਸਭ ਖੇਤਰਾਂ ਦੇ ਮੋਟਿਫ਼ ਸ਼ਾਮਿਲ ਹਨ।

### 8. ਦਰੀ ਦੇ ਮੋਟਿਫਾਂ ਦੀਆਂ ਕਿਸਮਾਂ ਅਤੇ ਵਰਗਵੰਡ (Types of motifs and its classification)

ਦਰੀਆਂ ਵਿਚ ਅਨੇਕਾਂ ਤਰਾਂ ਦੇ ਮੋਟਿਫ਼ ਪਾਏ ਜਾਂਦੇ ਹਨ। ਮੋਟੇ ਤੌਰ 'ਤੇ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. **ਜਿਉਮੈਟਰੀਕਲ ਮੋਟਿਫ਼ (Geometrical motifs)**
2. **ਅਕਾਰਮੂਲਕ ਮੋਟਿਫ਼ (Figurative motifs)**

### 9. ਜਿਉਮੈਟਰੀਕਲ ਮੋਟਿਫ਼ ਜਾਂ ਆਮ ਨਮੂਨੇ

ਇਸ ਵਰਗ ਅਧੀਨ ਪਲੇਨ, ਧਾਰੀਆਂ / ਫੱਟੀਆਂ, ਡੱਬੇ, ਤਿਕੋਣ, ਚਕੋਰ, ਸ਼ਟਕੋਣ, ਗੁੱਡੇ / ਗੁੱਲ , ਲਹਿਰੀਆ, ਕਟਾਂ, ਜਾਲ਼, ਬਾਡਰ/ਘੇਰੇ ਦੇ ਮੋਟਿਫ਼ ਮਿਲਦੇ ਹਨ।

### 10. ਆਕਾਰਮੂਲਕ ਮੋਟਿਫਾਂ ਦੀ ਵਰਗਵੰਡ

- **ਕੁਦਰਤ ਅਤੇ ਬਨਸਪਤੀ :** ਬਾਗ , ਰੁਖ, ਪੱਤੇ, ਫੁੱਲ , ਫਲ., ਵੇਲਾਂ, ਬੱਦਲ,, ਟਾਹਲੀ, ਕਿੱਕਰ, ਜੰਡ, ਅੰਬ, ਸਤਰੰਗੀ ਪੀਂਘ
- **ਪੰਛੀ ਅਤੇ ਜਨੌਰ :** ਸ਼ੇਰ, ਹਿਰਨ, ਘੋੜਾ, ਬਿੱਲੀ /ਬਲੂੰਗੜਾ, ਖਰਗੋਸ਼/ਸਹਿਆ, ਹਾਥੀ, ਚਿੜੀ, ਕਾਟੋ, ਮੁਰਗਾ/ਕੁੱਕੜ/ਚੂਚਾ, ਤੋਤਾ/ਮੈਨਾ/ਤੋਤੀ, ਰੈਅ
  ਤੋਤਾ, ਮੋਰ, ਕਬੂਤਰ, ਕੋਇਲ, ਬੱਤਖ, ਬਗਲੇ, ਹੰਸ, ਮੱਛੀ, ਡੱਡੂ, ਤਿਤਲੀ, ਘੁੱਗੀ
- **ਖੇਤੀਬਾੜੀ :** ਕੱਦੂ , ਕਰੇਲੇ, ਬੈਂਗਣ, ਟਮਾਟਰ, ਗੋਭੀ, ਮਟਰ, ਮਿਰਚਾਂ, ਮੁਰੱਬੇਬੰਦੀ, ਨਿੰਬੂ , ਅਨਾਰ, ਕਪਾਹ, ਮਾਂਹ ਦੀ ਦਾਲ ਛਿਟੀਆਂ
- **ਸਮਾਜਿਕ ਆਲਾ ਦੁਆਲਾ:** ਪੌੜੀਆਂ , ਗਹਿਣੇ, ਸੂਈ-ਧਾਗਾ, ਵੇਲਣਾ, ਪੱਖੇ, ਗੁਲਦਸਤੇ, ਫੁੱਲਦਾਨ, ਫੁੱਲਾਂ ਦੀ ਟੋਕਰੀ, ਕਾਰਾਂ, ਕੇਤਲੀ-ਕੱਪ-ਪਲੇਟਾਂ, ਪਤੰਗ, ਬੇਰ ਤੋੜਦੇ ਬੱਚੇ, ਮੁੱਛ-ਮਰੋੜ, ਦੀਵਾ, ਲੈਂਪ, ਗੈਸ, ਬਲਬ, ਟਿਊਬ, ਦੀਪਮਾਲਾ, ਸੁਰਮੇਦਾਨੀ, ਇੱਟ ਪਟੈਲ

- **ਪਾਣੀ ਨਾਲ ਸੰਬੰਧਿਤ** : ਲਹਿਰਾਂ, ਮੱਛੀਆਂ, ਡੱਡੂ, ਬਗਲੇ , ਹੰਸ, ਸਮੁੰਦਰੀ ਜਹਾਜ਼
- **ਰੌਸ਼ਨੀ ਨਾਲ ਸੰਬੰਧਿਤ** : ਦੀਵਾ, ਲੈਂਪ, ਬਲਬ, ਗੈਸ, ਟਿਊਬ, ਦੀਪਮਾਲਾ
- **ਆਵਾਜਾਈ ਦੇ ਸਾਧਨ** : ਸਾਈਕਲ, ਕਾਰ, ਹਵਾਈ ਜਹਾਜ਼ , ਸਮੁੰਦਰੀ ਜਹਾਜ਼
- **ਗੀਤ-ਸੰਗੀਤ ਆਧਾਰਿਤ** : ਪਾਲੀ ਪਾਣੀ ਖੂਹ ਤੋਂ ਭਰੇ, ਨੀ ਇੱਕ ਫੁੱਲ ਤੋੜ ਲੈਣ ਦੇ, ਅੰਬ ਦੇ ਬੂਟੇ ਨੂੰ ਪਾ ਦੇ ਭਾਬੀਏ ਪਾਣੀ, ਭੁੱਲ ਕੇ ਬਾਗ ਵਿਚ ਆ ਗਈ ਇੱਕ ਫੁੱਲ ਤੋੜ ਲੈਣ ਦੇ, ਕਿੱਕਰ ‘ਤੇ ਕਾਟੋ ਰਹਿੰਦੀ, ਹਰਿਆ ਵੇ ਤੋਤਾ ਮਨ ਭਰਿਆ ਵੇ ਤੋਤਿਆ ਤੈਨੂੰ ਆਖ ਰਹੀ ਤੈਨੂੰ ਵਰਜ ਰਹੀ ਰਾਜੇ ਦੇ ਬਾਗ ਨਾ ਜਾਈਂ
- **ਮਿਥਿਹਾਸ ਅਤੇ ਕਿੱਸੇ ਕਥਾਵਾਂ** : **ਤੋਤਾ**, ਤੋਤਾ-ਤੋਤੀ / ਮੈਨਾ ਮਿਥਿਹਾਸਕ ਪਾਤਰ, ਸਾਹਿਬਾ-ਮਿਰਜ਼ਾ, ਪਰੀ ਬਾਗ ਵਿਚ ਖੜੀ, ਖੂਹ ਵਾਲੀ ਪੀਤੋ, ਤੋਤਾ ਰਾਜਕੁਮਾਰ, ਤੋਤਾ-ਮੈਨਾ
- **ਪਰੰਪਰਕ ਕਸੀਦਾਕਾਰੀ ਆਧਾਰਿਤ** : ਚੋਪ, ਫੁਲਕਾਰੀ, ਬਾਗ
- **ਭੂਗੋਲ / ਇਤਿਹਾਸ** : ਤਾਜਮਹਲ, ਭਾਰਤ ਦਾ ਨਕਸ਼ਾ, ਮੁਰੱਬੇਬੰਦੀ, ਥਰਮਲਾਂ ਦੀ ਦਰੀ
- **ਲੋਕ-ਖੇਡਾਂ** : ਪਤੰਗ, ਸ਼ਤਰੰਜ, ਪਾਸੇ ਦੀ ਖੇਡ
- **ਮਨੁੱਖੀ ਆਕਾਰ** : ਕਾਕਾ , ਪੀਤੋ , ਪਾਲੀ , ਸਾਹਿਬਾ ਮਿਰਜ਼ਾਂ , ਸਾਈਕਲ ਚਲਾਉਂਦੀ ਕੁੜੀ, ਪਰੀ, ਕਿੱਕਰ, ਪਾਰਕ ਵਿਚ ਗੁੱਡੀ

ਹੁਣ ਜਦੋਂ ਅਸੀਂ ਦਰੀ ਦੇ ਮੋਟਿਫਾਂ ਅਤੇ ਪੈਟਰਨਾਂ ਬਾਰੇ ਜਾਣਕਾਰੀ ਲੈ ਲਈ ਹੈ ਤਾਂ ਇਹ ਜਾਨਣਾ ਹੋਰ ਵੀ ਦਿਲਚਸਪ ਹੋਵੇਗਾ ਕਿ ਇਹ ਮੋਟਿਫ਼ ਬੁਣਨ ਅਤੇ ਘੜਨ ਵਾਲੀ ਪੰਜਾਬੀ ਰਕਾਨ ਇਨ੍ਹਾਂ ਦੀ ਚੋਣ ਅਤੇ ਵਿਉਂਤਬੰਦੀ ਕਰਦਿਆਂ ਕਿਵੇਂ ਆਪਣੇ ਰੀਝਾਂ, ਕਲਪਨਾਵਾਂ , ਸੰਘਰਸ਼ , ਸਮਾਜਿਕ ਵਖਰੇਵਿਆਂ ਅਤੇ ਬੇਗਾਨਗੀ ਦੇ ਦਰਦ ਨੂੰ ਬੁਣਦਿਆਂ ਕਿਹੋ ਜਿਹੇ ਮੋਟਿਫਾਂ ਦੀ ਚੋਣ ਅਤੇ ਵਿਉਂਤਬੰਦੀ ਕਿਵੇਂ ਕਰਦੀ ਹੈ ਜੋ ਅੱਗੋਂ ਪ੍ਰਤੀਕਾਂ ਦੇ ਪੱਧਰ ਵੀ ਕਾਰਜਸ਼ੀਲ ਹੋ ਜਾਂਦੇ ਹਨ। ਉਹ ਕਿਹੜੇ ਮੋਟਿਫ਼ ਹਨ ਜੋ ਪੰਜਾਬੀ ਸੱਭਿਆਚਾਰ ਵਿਚ ਸਰਬ ਸਾਂਝੀ ਪ੍ਰਵਾਨਗੀ ਤਹਿਤ ਪ੍ਰਤੀਕ ਬਣ ਵਡੇਰੇ ਅਰਥਾਂ ਦੇ ਧਾਰਨੀ ਹੋ ਜਾਂਦੇ ਹਨ। ਇਹਨਾਂ ਦੀ ਨਿਸ਼ਾਨਦੇਹੀ ਕਰਨ ਲਈ ਪਹਿਲਾਂ ਅਸੀਂ ਪ੍ਰਤੀਕ ਦਾ ਸੁਭਾਅ ਜਾਣਣ ਦੀ ਕੋਸ਼ਿਸ਼ ਕਰਾਂਗੇ।

11. **ਪ੍ਰਤੀਕ / Symbol : Definition, characteristics and examples**

ਪ੍ਰਤੀਕ ਕਿਸੇ ਸਭਿਆਚਾਰ ਦਾ ਆਧਾਰ ਹੁੰਦੇ ਹਨ। ਨਿਤ ਦੇ ਜੀਵਨ ਵਿਚ ਅਸੀਂ ਅਜਿਹੀਆਂ ਵਸਤਾਂ, ਸ਼ਬਦਾਂ, ਮੋਟਿਫਾਂ ਜਾਂ ਕਿਰਿਆਵਾਂ ਦੀ ਵਰਤੋਂ ਕਰਦੇ ਹਾਂ ਜੋ ਆਪਣੇ ਨਾਲੋਂ ਵੱਡੇ ਵਿਚਾਰ ਦੇ ਵਾਹਕ ਬਣ ਚੁੱਕੇ ਹੁੰਦੇ ਹਨ। ਇਨ੍ਹਾਂ ਦਾ ਉਸ ਦੀ ਸਭਿਆਚਾਰਕ ਵਿਆਖਿਆ ਨਾਲ ਕੋਈ ਸਿੱਧਾ ਕੁਦਰਤੀ ਸੰਬੰਧ ਨਹੀਂ ਹੁੰਦਾ । ਦਰੀਆਂ ਵਿਚ ਘੜੇ ਦਾ ਮੋਟਿਫ਼ ਮਿਲ ਜਾਂਦਾ ਹੈ। ਘੜਾ ਮਨੁੱਖੀ ਜੀਵਨ ਦਾ ਪ੍ਰਤੀਕ ਹੈ। ਪਰ ਘੜੇ ਦਾ ਮਨੁੱਖ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ ਪਰ ਇਸ ਦੀ ਸਭਿਆਚਾਰਕ ਵਿਆਖਿਆ ਸਰਬਪ੍ਰਵਾਨਿਤ ਹੈ ।

ਕਲਾ, ਭਾਸ਼ਾ ਅਤੇ ਸਭਿਆਚਾਰ ਦੇ ਖੇਤਰ ਵਿਚ ਪ੍ਰਤੀਕ ਦੀ ਪਰਿਭਾਸ਼ਾ ਵੱਖਰੇ-ਵੱਖਰੇ ਸੰਦਰਭਾਂ ਵਿਚ ਹੁੰਦੀ ਰਹੀ ਹੈ ਅਤੇ ਕੋਈ ਇਕ ਵਿਆਖਿਆ ਘੜਨੀ ਸਰਲ ਕੰਮ ਵੀ ਨਹੀਂ ਹੈ। ਫਿਰ ਵੀ ਅਸੀਂ ਕੁਝ ਚਿੰਤਕਾਂ ਦੀ ਪਰਿਭਾਸ਼ਾ ਦੇਖ ਸਕਦੇ ਹਾਂ ;

- "any given or experienced substitute stimulus that leads to a reinstatement of the original stimulus in a form that is observable only by the self inclusive point of view" (C. W. Morris 1927)
- ‘something beyond its obvious meaning, having a broader aspect linked to the 'unconscious' (C. G. Jung 1967)
- This theoretical concept will be taken up by Turner, which defines symbol a "something that connects the unknown with the known" (Turner 1967)

- ”imagery and symbolism is part and parcel of our brains trying to justify the existence of the mind to the objective reality we perceive around us. That means that our minds are primarily a collection of images and associations, and that we build on those first understandings like schemas. So anything could be conceived as an interpretable image or metaphor.” The Essential Writings Symbols, Allegory and Motifs, Jacques Marie Émile Lacan
- ‘Symbols’ are polysemantic elements, able to evoke ideas that differ from their sensible aspect, being in that way a complex reality involving the entire human experience. They are the language of religion, of magic and of cultural expression, as the art and the literature, being deeply linked to the socio-cultural context that produced them. (Womack 2005)
- ਸ਼ਬਦਕੋਸ਼ / ਵਿਕੀਪੀਡੀਆ ਦੀ ਸਧਾਰਨ ਪਰਿਭਾਸ਼ਾ ਅਨੁਸਾਰ “ਪ੍ਰਤੀਕ, ਕਿਸੇ ਚੀਜ਼, ਚਿੱਤਰ, ਲਿਖਤੀ ਸ਼ਬਦ, ਆਵਾਜ ਜਾਂ ਵਿਸ਼ੇਸ਼ ਚਿੰਨ੍ਹ ਨੂੰ ਕਹਿੰਦੇ ਹਨ ਜੋ ਸੰਬੰਧ, ਸੁਮੇਲ ਜਾਂ ਪਰੰਪਰਾ ਦੁਆਰਾ ਕਿਸੇ ਹੋਰ ਚੀਜ਼ ਦੀ ਤਰਜਮਾਨੀ ਕਰਦਾ ਹੈ। ਉਦਾਹਰਨ ਲਈ, ਇੱਕ ਲਾਲ ਅੱਠਭੁਜ *ਰੁਕੋ* ਦਾ ਪ੍ਰਤੀਕ ਹੋ ਸਕਦਾ ਹੈ। ਨਕਸ਼ਿਆਂ ਤੇ ਦੋ ਤਲਵਾਰਾਂ ਯੁੱਧ ਖੇਤਰ ਦਾ ਸੰਕੇਤ ਹੋ ਸਕਦੀਆਂ ਹਨ। ਅੰਕ, ਗਿਣਤੀ ਦੇ ਪ੍ਰਤੀਕ ਹੁੰਦੇ ਹਨ। ਸਭਨਾਂ ਭਾਸ਼ਾਵਾਂ ਵਿੱਚ ਪ੍ਰਤੀਕ ਹੁੰਦੇ ਹਨ। ਖਾਸ ਨਾਮ(ਰਾਸ਼ੀ), ਆਦਮੀਆਂ, ਹੋਰ ਖਾਸ ਨਾਮ ਵਾਲੇ ਪ੍ਰਾਣੀਆਂ ਜਾਂ ਵਸਤਾਂ ਵਰਤਾਰਿਆਂ ਦੀ ਤਰਜਮਾਨੀ ਕਰਨ ਵਾਲੇ ਪ੍ਰਤੀਕ ਹੁੰਦੇ ਹਨ[”
- ਸਮਾਜ ਵਿੱਚ ਮੌਜੂਦ ਪ੍ਰਤੀਕਾਂ ਤੋਂ ਭਾਵ ਸਮਾਜ ਦਾ ਵਰਤਾਰਾ ਹੈ। ਪ੍ਰਤੀਕ ਉਸਨੂੰ ਕਹਿੰਦੇ ਹਨ ਜਦੋਂ ਕਿਸੇ ਘਟਨਾ , ਵਿਚਾਰ ਜਾਂ ਵਰਤਾਰੇ ਨੂੰ ਸੰਬੰਧਿਤ ਮਨੁੱਖੀ ਸਮਾਜ ਵਲੋਂ ਕੁਝ ਅਰਥ ਦਿੱਤੇ ਗਏ ਹੋਣ। ਪ੍ਰਤੀਕ ਮਨੁੱਖ ਦੇ ਕਿਸੇ ਨਿਸ਼ਚਿਤ ਸਮਾਜਿਕ ਸੰਸਥਾ ਵਿੱਚ ਹੀ ਅਰਥ ਗ੍ਰਹਿਣ ਕਰਦਾ ਹੈ। ਪ੍ਰਤੀਕਾਤਮਕ ਵਿਵਹਾਰ ਕੇਵਲ ਮਨੁੱਖ ਹੀ ਕਰਦਾ ਹੈ ਕਿਉਂਕਿ ਸਭਿਆਚਾਰ ਉਸਨੂੰ ਅਜਿਹਾ ਸਿਖਾਉਂਦਾ ਹੈ। ਸਭਿਆਚਾਰ ਦਾ ਸਭ ਤੋਂ ਮਹੱਤਵਪੂਰਨ ਪ੍ਰਤੀਕਾਰਤਮਕ ਪੱਖ ਭਾਸ਼ਾ ਹੈ। ਪ੍ਰਤੀਕਾਂ ਬਿਨ੍ਹਾਂ ਸਭਿਆਚਾਰਕ ਸੰਸਥਾਵਾਂ ਦਾ ਉਭਰਨਾ ਅਸੰਭਵ ਸੀ ਜਿਵੇਂ ਕਿ ਧਰਮ, ਕਲਾ, ਰਾਜਨੀਤਿਕ ਸੰਸਥਾਵਾਂ ਆਦਿ। ਸਪੀਅਰ ਦਾ-ਤੱਕ ਸਭਿਆਚਾਰ ਵਿਚਾਰ ਵੀ ਇਸ ਤਰ੍ਹਾਂ ਦਾ ਹੀ ਹੈ ਕਿ ਭਾਸ਼ਾ ਦੇ ਮਾਧਿਅਮ ਨਾਲ ਹੀ ਮਨੁੱਖ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਪਹੁੰਚਾਉਂਦਾ ਹੈ।” ( ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਡਾ.ਜੀਤ ਸਿੰਘ ਜੋਸ਼ੀ, ਪੰਨਾ ਨੰਬਰ21)
- Jacques Marie Émile Lacan , ਆਪਣੇ The Essential Writings Symbols, Allegory and Motifs ਵਿਚ Relationship between subjective experience and objective reality ਬਾਰੇ ਗੱਲ ਕਰਦਿਆਂ ਲਿਖਦਾ ਹੈ : “imagery and symbolism is part and parcel of our brains trying to justify the existence of the mind to the objective reality we perceive around us. That means that our minds are primarily a collection of images and associations, and that we build on those first understandings like schemas. So anything could be conceived as an interpretable image or metaphor. Any image in a dream might be attached to a meaningful emotional experience, attempting to express itself in a mind that is built on image-word associations. Here is the part of Lacan's philosophy that leans toward a linguistic approach to perception.

ਜੈਕਸ ਲਾਕਾਂ ਨੇ ਕਿਸੇ ਸਭਿਆਚਾਰ ਦੇ ਪ੍ਰਤੀਕਾਤਮਕ ਹੋਣ ਦੀ ਗੱਲ ਤੋਰੀ ਤਾਂ ਸਭਿਆਚਾਰ ਵਿਗਿਆਨੀਆਂ ਦਾ ਇਸ ਪਾਸੇ ਵੱਲ ਧਿਆਨ ਗਿਆ ਅਤੇ ਕਈਆਂ ਨੇ ਤਾਂ ਸਭਿਆਚਾਰ ਨੂੰ ਪ੍ਰਤੀਕਾਂ ਉਪਰ ਹੀ ਆਧਾਰਿਤ ਦਸਿਆ ਹੈ। ਜਦੋਂ ਵੀ ਅਸੀਂ ਕਿਸੇ ਸਭਿਆਚਾਰ ਦੇ ਪਛਾਣ-ਚਿੰਨ੍ਹ ਜਾਂ ਵਿਸ਼ੇਸ਼ਤਾਵਾਂ ਦੀ ਗੱਲ ਕਰਦੇ ਹਾਂ ਤਾਂ ਪ੍ਰਤੀਕ ਉਸਦੇ ਮੁਖ ਵਿਸ਼ੇਸ਼ਤਾ ਵਜੋ ਉਭਰਦਾ ਹੈ। ਸਭਿਆਚਾਰ ਪ੍ਰਤੀਕਾਂ ਦਾ ਪ੍ਰਬੰਧ ਹੈ ਪ੍ਰਤੀਕ ਸਿਰਜਣਾ ਮਨੁੱਖੀ ਵਿਸ਼ੇਸ਼ਤਾ ਹੈ ਜੋ ਉਸ ਨੂੰ ਹੋਰ ਜੀਵ-ਜਗਤ ਤੋਂ ਨਿਖੇੜਦੀ ਹੈ। ਇਸ ਮਗਰੋਂ ਸਭਿਆਚਾਰ ਦੇ ਲੱਛਣਾਂ ਦੀ ਚਰਚਾ ਕਰਦਿਆਂ ਪ੍ਰਤੀਕਾਂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ।

- ਡਾ ਗੁਰਬਖਸ਼ ਸਿੰਘ ਫਰੈਂਕ ਲਿਖਦੇ ਹਨ ਕਿ

ਮਨੁੱਖੀ ਚਿੰਤਨ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਬਹੁਤ ਵੱਖ ਵੱਖ ਖੇਤਰਾਂ ਵਿਚਲੀਆਂ ਵਸਤਾਂ , ਕਾਰਜਾਂ ਅਤੇ ਵਰਤਾਰਿਆਂ ਨੂੰ ਆਮਿਆਉਣ (ਸਾਮਾਨਯਕਰਨ) ਅਤੇ ਉਹਨਾਂ ਦੇ ਵਰਗੀਕਰਨ ਦੀ ਸਮਰੱਥਾ ਰੱਖਦਾ ਹੈ, ਅਤੇ ਇਸ ਦਾ ਯਤਨ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਨਾਲ ਬਹੁਤ ਭਿੰਨ-ਭਿੰਨ ਵਸਤਾਂ, ਵਿਹਾਰਾਂ ਅਤੇ ਵਰਤਾਰਿਆਂ ਵਿਚ ਸਾਂਝ ਅਤੇ ਨਿਖੇੜ ਨੂੰ ਦੇਖ ਸਕਦਾ ਹੈ, ਅਤੇ ਇਹਨਾਂ ਨੂੰ

ਪ੍ਰਤੀਕਾਤਮਕ ਢੰਗ ਨਾਲ ਵਰਤ ਸਕਦਾ ਹੈ। ਸਗੋਂ ਹਰ ਮਨੁੱਖੀ ਕਿਰਿਆ ਨੂੰ ਪ੍ਰਤੀਕ ਵਜੋਂ ਲੈ ਸਕਦਾ ਹੈ। ਸਮਾਂ ਉੱਡਦਾ ਹੈ, ਪੰਛੀ ਉੱਡਦਾ ਹੈ, ਜਹਾਜ਼ ਉੱਡਦਾ ਹੈ, ਰੰਗ ਉੱਡਦਾ ਹੈ (ਬੰਦੇ ਦੇ ਮੂੰਹ ਦਾ ਵੀ, ਕਪੜੇ ਦਾ ਵੀ), ਖ਼ਿਆਲ ਉਡਾਰੀ ਲਾਉਂਦਾ ਹੈ, ਬੰਦਾ ਉੱਡ ਕੇ ਮਿਲਦਾ ਹੈ। ਇਸ ਤਰ੍ਹਾਂ ਨਾਲ ਚਿੰਤਨ ਅਤੇ ਇਸ ਦੇ ਪ੍ਰਗਟਾਅ ਵਿਚ ਸੰਜਮ ਆ ਜਾਂਦਾ ਹੈ, ਥੋੜ੍ਹੇ ਸ਼ਬਦਾਂ ਵਿਚ ਵਧੇਰੇ ਗਿਆਨ ਨੂੰ ਸੰਚਿਤ ਕਰਨਾ ਸੰਭਵ ਹੋ ਜਾਂਦਾ ਹੈ। (ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਪੰਨਾ 42)

ਕਿਉਂ ਜੋ ਕੋਈ ਸਭਿਆਚਾਰ ਦਾ ਪ੍ਰਤੀਕਮਈ ਹੋਣਾ ਲਾਜ਼ਮੀ ਲੱਛਣ ਬਣ ਜਾਂਦਾ ਹੈ ਤਾਂ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਪ੍ਰਤੀਕ ਕੀ ਹੁੰਦੇ ਹਨ? ਕਿਸੇ ਸਭਿਆਚਾਰ ਸਿਸਟਮ ਵਿਚ ਪ੍ਰਤੀਕ ਮੌਖਿਕ ਅਤੇ ਗ਼ੈਰਮੌਖਿਕ ਦੋ ਤਰਾਂ ਦੇ ਹੁੰਦੇ ਹਨ। ਉਸ ਸਮੂਹ ਦੇ ਮੈਂਬਰ ਪ੍ਰਤੀਕਾਂ ਰਾਹੀਂ ਅਰਥ ਸਿਰਜਦੇ ਹਨ ਅਤੇ ਸਾਂਝੀ ਪ੍ਰਵਾਨਗੀ ਤਹਿਤ ਇਹ ਅਰਥ ਤੁਰਦੇ ਰਹਿੰਦੇ ਹਨ। ਇਸੇ ਲਈ ਹਰ ਵੱਖਰੇ ਸਮੂਹ ਦੁਆਰਾ ਸਿਰਜੇ ਪ੍ਰਤੀਕ ਕਿਸੇ ਦੂਜੇ ਨਾਲੋਂ ਵੱਖਰੇ ਹੋ ਸਕਦੇ ਹਨ। ਉਦਾਹਰਨ ਲਈ ਕਿਸੇ ਅੱਗੇ ਵਿਚ ਟੋਪੀ ਲਾਹੁਣਾ ਕਿਸੇ ਸਭਿਆਚਾਰ ਵਿਚ ਸਨਮਾਨ ਦਾ ਪ੍ਰਤੀਕ ਹੋ ਸਕਦਾ ਹੈ ਪਰ ਪੰਜਾਬੀ ਸਭਿਆਚਾਰ ਵਿਚ ਪੱਗ ਲਾਹੁਣ ਦੇ ਅਰਥ ਉਹ ਨਹੀਂ ਹੋ ਸਕਦੇ । ਵਿਆਖਿਆ ਜਾਂ ਪ੍ਰਗਟਾਵਾ ਉਸ ਸਭਿਆਚਾਰ ਦੀ ਰਹਿਤਲ ਦੇ ਪਿਛੋਕੜ ਵਿਚ ਪਿਆ ਹੁੰਦਾ ਹੈ।

- ਪ੍ਰਤੀਕ ਮਨੁੱਖਾਂ ਨੂੰ ਆਪਣੇ ਸਭਿਆਚਾਰ ਦੀ ਸਮਝ ਬਣਾਉਣ ਵਿਚ ਮੱਦਦਗਾਰ ਹੁੰਦੇ ਹਨ ਕਿਉਂਕਿ ਇਹ ਸਾਂਝੇ ਅਰਥ ਉਨ੍ਹਾਂ ਨੇ ਆਪਣੇ ਸਮਾਜੀਕਰਨ ਦੀ ਪ੍ਰਕਿਰਿਆ ਵਿਚ ਗ੍ਰਹਿਣ ਕੀਤੇ ਹੁੰਦੇ ਹਨ। ਇਸੇ ਪ੍ਰਕਿਰਿਆ ਰਾਹੀਂ ਉਨ੍ਹਾਂ ਨੇ ਕਦਰਾਂ-ਕੀਮਤਾਂ, ਵਿਸ਼ਵਾਸ, ਅਤੇ ਸਮਾਜ ਇਕ ਮਨੁੱਖ ਤੋਂ ਕੀ ਚਾਹੁੰਦਾ ਹੈ ਦੀ ਸਮਝ ਵੀ ਪ੍ਰਾਪਤ ਕੀਤੀ ਹੁੰਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਪ੍ਰਤੀਕ ਇਸ ਲਈ ਮਹੱਤਵਪੂਰਨ ਹੋ ਜਾਂਦੇ ਹਨ ਕਿਉਂਕਿ ਇਸ ਰਾਹੀਂ ਮਨੁੱਖ ਆਪਣੇ ਨਾਲ ਦਿਆਂ ਨਾਲ ਵਿਚਰਦਿਆਂ ਵਸਤਾਂ-ਵਰਤਾਰਿਆਂ ਦੇ ਵਡੇਰੇ ਅਰਥ ਗ੍ਰਹਿਣ ਕਰਨਾ ਅਤੇ ਘੜਨਾ ਸਿੱਖ ਜਾਂਦਾ ਹੈ।
- ਕਿਸੇ ਸਮਾਜ ਦਾ ਸੰਚਾਰ ਪ੍ਰਬੰਧ ਪ੍ਰਤੀਕਾਂ ਦੀ ਆਪਸੀ ਸਮਝ ਤੇ ਨਿਰਭਰ ਕਰਦਾ ਹੈ। Communication is based upon the use of mutually understood symbols. Communication can be verbal or nonverbal.
ਬਿਨਾਂ ਸ਼ੱਕ ਪ੍ਰਤੀਕ ਲੋਕਾਂ ਨੂੰ ਆਪਣੇ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ ਕਿਉਂਕਿ ਇਨ੍ਹਾਂ ਦੇ ਸਰਬ ਸਾਂਝੇ ਅਤੇ ਸਰਬ ਪ੍ਰਵਾਨਿਤ ਅਰਥ ਉਨ੍ਹਾਂ ਨੇ ਆਪਣੇ ਸਮਾਜੀਕਰਨ ਦੀ ਪ੍ਰਕਿਰਿਆ ਦੌਰਾਨ ਸਿੱਖੇ ਹੁੰਦੇ ਹਨ। ਇਹ ਉਨ੍ਹਾਂ ਦੇ ਸਮਾਜ ਦੇ ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਉਮੀਦਾਂ ਪ੍ਰਵਾਨ ਚੜ੍ਹਨ ਬਾਰੇ ਹੁੰਦੇ ਹਨ

ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਇਹ ਪ੍ਰਤੀਕ ਲੋਕਾਂ ਦੇ ਆਪਸੀ ਸਹਿਚਾਰ ਲਈ ਅਰਥ ਸਿਰਜਣ ਵਿਚ ਮੱਦਦ ਕਰਦੇ ਹਨ। ਉਹ ਸਭਿਆਚਾਰਕ ਸਮਝ ਵਿਚੋਂ ਪ੍ਰਤੀਕਾਂ ਦੇ ਅਰਥ ਗ੍ਰਹਿਣ ਵੀ ਕਰਦੇ ਹਨ ਅਤੇ ਇਨ੍ਹਾਂ ਨੂੰ ਘੜਦੇ ਵੀ ਹਨ।

ਅਸੀਂ ਕਹਿ ਸਕਦੇ ਹਾਂ ਕਿ ਕੋਈ ਸਭਿਆਚਾਰ ਪ੍ਰਤੀਕਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਸਰਬ ਸਾਂਝੇ ਸਰਬ ਪ੍ਰਵਾਨਿਤ ਸਭਿਆਚਾਰਕ ਵਿਸ਼ਵਾਸਾਂ, ਕਾਰਜਾਂ, ਪਰੰਪਰਾਵਾਂ ਅਤੇ ਉਮੀਦਾਂ ਰਾਹੀਂ ਘੜੇ ਜਾਂਦੇ ਹਨ ਅਤੇ ਲਗਾਤਾਰ ਸੰਭਾਲੇ ਵੀ ਜਾਂਦੇ ਹਨ।

**12. ਪ੍ਰਤੀਕ ਦੀਆਂ ਵਿਸ਼ੇਸ਼ਤਾਵਾਂ (Characteristics of symbol)**

- **ਅਮੂਰਤ (Abstract)** : ਸਾਂਝੇ ਤੌਰ ਤੇ ਪ੍ਰਵਾਨਿਤ ਪ੍ਰਤੀਕ ਅਮੂਰਤ ਹੋ ਸਕਦੇ ਹਨ ਪਰ ਆਰੰਭ ਵਿਚ ਇਹ ਜ਼ਰੂਰ ਅਮੂਰਤ ਨਹੀਂ ਰਹੇ ਹੋਣਗੇ। ਜਿਉਂ ਜਿਉਂ ਸਭਿਆਚਾਰਕ ਪ੍ਰਵਾਨਗੀ ਰਾਹੀਂ ਇਹਨਾਂ ਦੇ ਅਰਥਾਂ ਦਾ ਘੇਰਾ ਵਿਸ਼ਾਲ ਹੁੰਦਾ ਜਾਂਦਾ ਹੈ ਇਹ ਪੂਰਨ ਰੂਪ ਵਿਚ ਅਮੂਰਤ ਹੁੰਦੇ ਜਾਂਦੇ ਹਨ। ਆਪਣੇ ਸੰਕੇਤਕ ਸ਼ਬਦਾਂ, ਵਸਤਾਂ ਤੋਂ ਵੀ।

- **ਸੰਦਰਭ (Context)** : ਹਰ ਪ੍ਰਤੀਕ ਨੂੰ ਸਮਝਣ ਲਈ ਖਾਸ ਸੰਦਰਭ ਦੀ ਲੋੜ ਹੁੰਦੀ ਹੈ। ਉਸ ਨੂੰ ਉਸ ਦੇ ਸਭਿਆਚਾਰ ਦੀ ਰਹਿਤਲ ਵਿਚੋਂ ਹੀ ਸਮਝਿਆ ਜਾ ਸਕਦਾ ਹੈ। ਕਲਸ਼ ਸ਼ਬਦ ਘੜੇ ਲਈ ਵੀ ਵਰਤਿਆ ਜਾਂਦਾ ਹੈ ਪਰ ਇਸ ਦਾ ਸੰਦਰਭ ਧਾਰਮਿਕਤਾ ਨਾਲ ਜੁੜਦਾ ਹੈ।

- **ਅਗਾਊਂ ਜਾਣਕਾਰੀ (Prior knowledge**) : ਇਹ ਜਾਣ ਲੈਣਾ ਜ਼ਰੂਰੀ ਹੈ ਕਿ ਪ੍ਰਤੀਕ ਚੇਤਿਆਂ ਚ ਪਈ ਧਰੋਹਰ ਨੂੰ ਜਗਾਉਂਦੇ ਹਨ ਅਤੇ ਉਸੇ ਵਿਚੋਂ ਅਰਥ ਗ੍ਰਹਿਣ ਕਰਦੇ ਹਨ। ਜਿਵੇਂ ਕੱਚਾ ਘੜਾ ਬੇਵਫਾਈ ਦਾ ਪ੍ਰਤੀਕ ਹੈ। ਇਸ ਦੀ ਸਮਝ ਬਣਾਉਣ ਲਈ ਸਾਨੂੰ ਸੋਹਣੀ ਮਹੀਂਵਾਲ ਦੀ ਕਹਾਣੀ ਪਤਾ ਹੋਣੀ ਚਾਹੀਦੀ ਹੈ।

- ਕਿਉਂਕਿ ਮਨੁੱਖ ਆਪਣੇ ਸਭਿਆਚਾਰ ਦੇ ਧਰਾਤਲ ਤੇ ਕਿਸੇ ਪ੍ਰਤੀਕ ਦੇ ਅਰਥ ਘੜਦਾ ਅਤੇ ਗ੍ਰਹਿਣ ਕਰਦਾ ਹੈ ਇਸ ਲਈ ਕਿਸੇ ਵਸਤ ਵਰਤਾਰੇ ਦੇ ਪ੍ਰਤੀਕਾਤਮਕ ਅਰਥ ਵੱਖਰੇ ਸਭਿਆਚਾਰਾਂ ਵਿਚ ਵੱਖਰੇ ਵੱਖਰੇ ਹੋ ਸਕਦੇ ਹਨ।

- ਦਰੀ ਦੇ ਖੇਤਰੀ-ਕਾਰਜ ਦੌਰਾਨ ਇਹ ਗੱਲ ਦੀ ਸਮਝ ਵੀ ਬਣੀ ਕਿ ਬੁਣਕਰ ਸੁਆਣੀਆਂ ਕੋਲ ਹਰ ਨਮੂਨੇ ਦੀ ਵਿਲੱਖਣ ਕਹਾਣੀ ਸੀ। ਇਹਨਾਂ ਕਹਾਣੀਆਂ ਦੀ ਡਾਕੂਮੈਂਟੇਸ਼ਨ ਕਰਨੀ ਵੀ ਬਣਦੀ ਹੈ ਤਾਂ ਜੋ ਦਰੀਆਂ ਵਿਚੋਂ ਉਭਰਦੇ ਪ੍ਰਤੀਕਾਂ ਦੇ ਹੋਰ ਪਾਸਾਰ ਸਾਹਮਣੇ ਆ ਸਕਣ।

- Allegories are stories told through the extended use of symbolism. They convey meaning that is not specifically stated within the literary work. A story, a poem or even a whole book can be an allegory, with symbolism permeating the work.

### 13. ਦਰੀ ਦੇ ਨਮੂਨਿਆਂ ਵਿਚੋਂ ਉਭਰਦੇ ਪ੍ਰਤੀਕ / Symbols

ਪੰਜਾਬ ਦੀਆਂ ਹੀ ਨਹੀਂ ਬਲਕਿ ਭਾਰਤ ਦੀਆਂ ਬਾਕੀ ਕਲਾਵਾਂ ਵਿਚ ਵੀ ਬਹੁਤਾ ਕਰਕੇ ਮੋਟੋਫ਼ ਦੀ ਵਰਤੋਂ ਇੱਕ ਤੋਂ ਵੱਧ ਕਾਰਨਾਂ ਕਰਕੇ ਹੁੰਦੀ ਹੈ। ਇਹ ਕੇਵਲ ਦਰੀ ਦਾ ਨਮੂਨਾ ਭਰਨ ਲਈ ਹੀ ਨਹੀਂ ਪਾਏ ਜਾਂਦੇ ਬਲਕਿ ਇਹ ਆਪਣੇ ਅਗਲੇਰੇ ਅਰਥਾਂ ਵਿਚ ਕਈ ਮੰਤਵ ਪੂਰਦੇ ਹਨ। ਆਪਣੇ ਆਪ ਵਿਚ ਇਹ ਡੂੰਘੇਰੇ ਅਤੇ ਪ੍ਰਤੀਕਾਤਮਕ ਅਰਥ ਵੀ ਰੱਖਦੇ ਹਨ। ਉਦਾਹਰਨ ਵਜੋਂ ਦਰੀਆਂ ਵਿਚ ਘੜੇ ਦਾ ਮੋਟਿਫ਼ ਕਈ ਥਾਂ ਵਰਤਿਆ ਗਿਆ ਹੈ। ਪੰਜਾਬੀ ਜਨਜੀਵਨ ਵਿਚ ਘੜਾ ਅਨੇਕਾਂ ਅਰਥਾਂ ਦਾ ਧਾਰਨੀ ਹੈ। ਜਲਕੁੰਭ ਹੈ ,ਜੀਵਨ ਦਾ ਪ੍ਰਤੀਕ ਹੈ ,ਮਰਗ ਤੇ ਘੜਾ ਭੰਨਿਆ ਜਾਂਦਾ ਹੈ। ਸੋਹਣੀ ਮਹੀਂਵਾਲ ਦੀ ਪ੍ਰੇਮ ਕਥਾ ਵਿਚ ਸੋਹਣੀ ਘੜੇ ਤੇ ਰੋਜ਼ ਰਾਤ ਨੂੰ ਝਨਾ ਦਰਿਆ ਪਾਰ ਕਰਕੇ ਆਪਣੇ ਪ੍ਰੇਮੀ ਮਹੀਂਵਾਲ ਨੂੰ ਮਿਲਣ ਜਾਂਦੀ ਹੈ। ਕੱਚਾ ਘੜਾ ਆਪਣੇ ਆਪ ਵਿਚ ਬੇਵਫਾਈ ਦਾ ਪ੍ਰਤੀਕ ਬਣ ਕੇ ਉਭਰਦਾ ਹੈ ਜਿਸ ਦੇ ਅਰਥਾਂ ਦੀਆਂ ਪਰਤਾਂ ਪੰਜਾਬੀ ਸੱਭਿਆਚਾਰ ਦੀ ਰਹਿਤਲ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ। ਬਹੁਤੇ ਮੋਟਿਫ਼ ਪ੍ਰਜਣਨ ਸ਼ਕਤੀ ,ਖੁਸ਼ਹਾਲੀ ,ਪੈਦਾਵਾਰ ਜੀਵਨ ਸ਼ਕਤੀ ਦੇ ਸੰਕੇਤਕ ਹੁੰਦੇ ਦਿਸਦੇ ਹਨ। ਘਰਾਂ ਵਿਚ ਆਮ ਵਰਤੀਆਂ ਜਾਣ ਵਾਲੀਆਂ ਦਰੀਆਂ ਲਈ ਜਿਆਦਾਤਰ ਜਿਊਮੈਟਰੀਕਲ ਮੋਟਿਫ਼ ਫੱਟੀਆਂ ਤਿਕੋਣ ,ਚਕੋਰ ,ਗੁੱਡੇ ,ਡੱਬੇ ,ਪਾ ਲਏ ਜਾਂਦੇ ਹਨ ਜੋ ਪੰਜਾਬੀ ਜਨਜੀਵਨ ਦੀ ਸਾਦਗੀ ਵੱਲ ਇਸ਼ਾਰਾ ਕਰਦੇ ਹਨ। ਦਾਜ-ਦਹੇਜ ਲਈ ਰੀਝਾਂ ਚਾਅ ਨਾਲ ਬੁਣੀਆਂ ਦਰੀਆਂ ਵਿਚ ਅਨੇਕਾਂ ਆਕਾਰਮੂਲਕ ਮੋਟਿਫ਼ ਜਿਵੇਂ ਤੋਤਾ,ਮੋਰ , ਕਬੂਤਰ ,ਮੱਛੀ,ਘੋੜਾ ਆਦਿ ਪਾ ਲਏ ਜਾਂਦੇ ਹਨ ਅਜਿਹੇ ਮੋਟਿਫ਼ ਜੋ ਪੰਜਾਬੀ ਸਭਿਆਚਾਰ ਵਿਚ ਪ੍ਰਤੀਕ ਬਣ ਉਭਰਦੇ ਹਨ ਉਹਨਾਂ ਚੋਣਵਿਆਂ ਪ੍ਰਤੀਕਾਂ ਦੀ ਚਰਚਾ ਅਸੀਂ ਅੱਗੇ ਕਰਾਂਗੇ ।

1) **ਆਮ ਮੋਟਿਫਾਂ (ਜਿਊਮੈਟਰੀਕਲ) ਤੋਂ ਬਣੇ ਪ੍ਰਤੀਕ**

  I. **ਪਲੇਨ** : ਸਾਹਮਣੇ ਪੂਰੀ ਜ਼ਿੰਦਗੀ ਹੈ ਇਸ ਵਿਚ ਕੀ ਭਰਨਾ ਹੈ ਤੈਅ ਤੁਸੀਂ ਕਰਨਾ ਹੈ।

  **II.** **ਲਹਿਰੀਆ/ ਕਟਾਂਅ (zigzag/waves)** ਇਹ ਮੋਟਿਫ਼ ਵਗਦੇ ਪਾਣੀ ਦੀਆਂ ਲਹਿਰਾਂ ਦਾ ਪ੍ਰਤੀਕ ਹੈ। ਪਾਣੀ ਜੋ ਜਨ ਜੀਵਨ ਦਾ ਆਧਾਰ ਹੈ। ਵਹਿੰਦੇ ਪਾਣੀ ਨਿਰਮਲ ਰਹਿੰਦੇ ਹਨ । ਇਹ ਜਨਮ, ਪ੍ਰਜਣਨ ਅਤੇ ਤਬਦੀਲੀ ਦਾ ਪ੍ਰਤੀਕ ਹੈ। ਤਬਦੀਲੀ ਹੀ ਕੁਦਰਤ ਦਾ ਨਿਯਮ ਹੈ। ਇਹ ਕਟਾਂਅ ਜਾਂ ਲਹਿਰੀਆ ਨਮੂਨੇ ਦੁਆਲੇ ਬਾਡਰ ਵਜੋਂ ਵੀ ਪਾਇਆ ਜਾਂਦਾ ਹੈ। ਜੱਦੀ ਅਮਰੀਕਨਾਂ ਨੇ ਆਪਣੇ ਗਲੀਚਿਆਂ ਵਿਚ ਅੱਜ ਵੀ ਬਹੁਤ ਸਾਰੇ ਅਜਿਹੇ ਮੋਟਿਫ਼ ਸੰਭਾਲੇ ਹੋਏ ਹਨ।

  In Navajo mythology, lightning was used to make weaving tools but it could also help to define the power of an individual blanket or rug. Small “zigzags” in the four corners of a weaving could lend energy to the overall design. Water historically represents life to a community since it’s a requirement for human survival. Thus, symbols for water were especially common throughout time, representing birth**,** fertility**, and** refreshment

III. **ਤਿਕੋਣ:** ਦਰੀਆਂ ਵਿਚ ਤਿਕੋਣ ਦੀ ਸ਼ਕਲ ਦੇ ਮੋਟਿਫ਼ ਮਿਲ ਜਾਂਦੇ ਹਨ। ਇਸ ਤਿਕੋਣ ਨੂੰ ਸ਼ਕਤੀ, ਸਥਿਰਤਾ ਅਤੇ ਔਰਤ ਦੀ ਪ੍ਰਜਣਨ ਸ਼ਕਤੀ ਦੇ ਪ੍ਰਤੀਕ ਵਜੋਂ ਲਿਆ ਜਾਂਦਾ ਹੈ। ਹਿੰਦੂ ਆਸਥਾ ਵਿਚ ਤ੍ਰਿਮੂਰਤੀ ਦਾ ਆਪਣਾ ਮਹੱਤਵ ਹੈ।

IV. **ਗੁੱਲ , ਗੁੱਡੇ, ਫੁੱਲ** : ਗੁੱਟ, ਗੁੱਡਾ ਜਾ ਗੁਲ ਪੰਜਾਬੀ ਦਰੀ ਦਾ ਕੇਂਦਰੀ ਮੋਟਿਫ਼ ਮੰਨਿਆ ਜਾ ਸਕਦਾ ਹੈ। ਸਤਰੰਗੇ ਗੁਲ, ਸਾਵੇਂ ਗੁਲ, ਆਰੀ ਗੁਲ, ਅੱਧਾ ਗੁੱਟ , ਪੂਰਾ ਗੁੱਟ , ਗੁੱਟਾਂ ਦਾ ਜਾਲ ਅਨੇਕਾਂ ਕਿਸਮਾਂ ਦੇਖੀਆਂ ਜਾ ਸਕਦੀਆਂ ਹਨ। ਪੰਜਾਬ ਦੇ ਵੱਖੋ-ਵੱਖਰੇ ਇਲਾਕੇ ਵਿਚ ਇਨਾਂ ਨੂੰ ਵੱਖਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਗੁੱਟ, ਗੁੱਲ, ਗੁੱਡਾ। ਇਹਨਾਂ ਦੀ ਬਣਤਰ ਪਹਿਲਾਂ ਵੱਧਦੀ ਹੈ ਫਿਰ ਘਟਦੀ ਹੈ। ਇਹ ਜੀਵਾਂ ਦੀ ਉਮਰ-ਕਾਲ ਵੱਲ ਇਸ਼ਾਰਾ ਕਰਦੀ ਹੈ। ਜਨਮ ਤੋਂ ਅੰਤ ਤੱਕ ਮਨੁੱਖੀ ਜੀਵਨ ਆਪਣੀ ਪੂਰਨਤਾ ਗ੍ਰਹਿਣ ਕਰਦਾ ਹੈ। Valero stars , ਚੋਪ ਦੀ ਕਢਾਈ ਨਾਲ ਮਿਲਦੇ। ਜਿਸ ਦਾ ਨਮੂਨਾ ਦਰੀਆਂ ਵਿਚ ਵੀ ਮਿਲਦਾ ਹੈ। ਪੰਜਾਬ ਵਿਚ ਗੁੱਡਾ ਪਤੰਗ ਨੂੰ ਕਿਹਾ ਜਾਂਦਾ ਹੈ। ਗੁੱਡੀਆਂ ਪਟੋਲੇ ਵਿਚ ਗੁੱਡਾ ਸ਼ਬਦ ਲਾੜੇ ਲਈ ਵਰਤਿਆ ਜਾਂਦਾ ਹੈ ਜੋ ਕੱਪੜਿਆਂ ਦੀਆਂ ਲੀਰਾਂ ਤੋਂ ਬਣਿਆ ਹੁੰਦਾ ਹੈ। ਦਰੀਆਂ ਦੇ ਇਹ ਗੁੱਡੇ ਮਨੁੱਖ ਦਾ ਪ੍ਰਤੀਕ ਹਨ ਜੋ ਆਪਣੀ ਉਮਰ ਦੀ ਸੀਮਾ ਵਿਚ ਉੱਡਦੇ-ਖੇਡਦੇ ਹਨ।

V. **ਜਾਲ਼, ਬਾਡਰ / ਘੇਰੇ/ Spirit line** : ਦਰੀਆਂ ਦੇ ਮੁਖ ਨਮੂਨੇ ਦੁਆਲੇ ਆਮ ਤੌਰ ਤੇ ਬਾਡਰ ਪਾਇਆ ਜਾਂਦਾ ਹੈ ਇਹ ਸਿੱਧੀਆਂ ਲਾਇਨਾਂ ਤੋਂ ਲੈ ਕੇ ਬਹੁ-ਭਾਂਤੀ ਮੋਟਿਫਾਂ ਵੇਲਾਂ ਜਾਂ ਕਟਾਵਾਂ ਦਾ ਹੁੰਦਾ ਹੈ। ਇਹ ਲੋੜੀਂਦੀਆਂ ਵਸਤਾਂ, ਨਮੂਨਿਆਂ ਨੂੰ ਦਾਇਰਿਆਂ ਵਿਚ ਸੰਭਾਲ ਕੇ ਰੱਖਣ ਦਾ ਮਨੁੱਖੀ ਯਤਨ ਹੈ। ਪੰਜਾਬੀ ਸਭਿਆਚਾਰ ਵਿਚ ਮੁਰਗਿਆਂ ਪਸ਼ੂਆਂ ਦਾ ਵਾੜਾ, ਫਸਲਾਂ ਨੂੰ ਵਾੜ, ਦੁੱਧ ਲਾਈ ਜਾਲੀ, ਰਸੋਈ ਦਾ ਓਟਾ ਸਭ ਇਸੇ ਤਰਾਂ ਦਾ ਵਰਤਾਰਾ ਹੈ। ਜੱਦੀ ਅਮਰੀਕਨ ਲੋਕ ਅਜਿਹੇ ਬਾਡਰ ਨੂੰ ਸਪਿਰਿਟ ਲਾਈਨ ਕਹਿੰਦੇ ਹਨ ਜੋ ਮੁਖ ਨਮੂਨੇ ਨੂੰ ਬਾਹਰੀ ਸ਼ੈਆਂ ਤੋਂ ਬਚਾਅ ਕੇ ਰਖਦੀ ਹੈ।

2) **ਕੁਦਰਤ ਅਤੇ ਬਨਸਪਤੀ**

I. **ਬਾਗ** : ਇਸ ਸੁਹਣੇ ਸੰਸਾਰ ਦਾ ਪ੍ਰਤੀਕ ਹੈ ਜਿਸ ਵਿਚ ਰੁੱਖ, ਜੀਵ-ਜੰਤ ਅਤੇ ਮਨੁੱਖਾਂ ਦਾ ਵਾਸਾ ਹੈ। ਜਿਵੇਂ ਦੁਸ਼ਾਲੇ ਵਿਚ ਬਾਗ ਕੱਢਣ ਦਾ ਰਿਵਾਜ਼ ਹੈ ਉਹੀ ਨਮੂਨਾ ਦਰੀਆਂ ਵਿਚ ਪਾਉਣ ਦਾ ਯਤਨ ਵੀ ਮਿਲਦਾ ਹੈ ਜਿਸ ਵਿਚ ਸਾਰਾ ਨਮੂਨਾ ਭਰਿਆ ਜਾਂਦਾ ਹੈ।ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਜੱਗ ਸੁਹਣੇ ਬਾਗ ਵਰਗਾ ਹੈ ਜੋ ਆਪਣੇ ਫੁੱਲ ਬੂਟਿਆਂ ਸਦਕਾ ਮਨੁੱਖ ਦੇ ਰਹਿਣ ਦੀ ਸੁਖਾਂਵੀਂ ਥਾਂ ਹੈ।

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥

II. **ਗੁਲਾਬ** : ਦਰੀਆਂ ਵਿਚ ਗੁਲਾਬ ਦੇ ਅਨੇਕਾਂ ਮੋਟਿਫ਼ ਮਿਲਦੇ ਹਨ। ਸੰਸਾਰ ਭਰ ਵਿਚ ਗੁਲਾਬ ਪ੍ਰੇਮ ਅਤੇ ਰੁਮਾਂਸ ਦਾ ਪ੍ਰਤੀਕ ਹੈ।

III. **ਰੁਖ (ਟਾਹਲੀ, ਕਿੱਕਰ, ਜੰਡ, ਅੰਬ)** : ਦਰੀਆਂ ਵਿਚ **ਟਾਹਲੀ,** ਕਿੱਕਰ, ਜੰਡ, ਅੰਬ ਰੁੱਖਾਂ ਦੇ ਅਨੇਕ ਤਰਾਂ ਦੇ ਮੋਟਿਫ਼ ਮਿਲਦੇ ਹਨ।

i. ਇੱਕ ਦਰੀ ਟਾਹਲੀ ਅਤੇ ਸ਼ੇਰਾਂ ਦੀ ਹੈ। ਟਾਹਲੀ ਦੀ ਲੱਕੜ ਦਰ-ਦਰਵਾਜ਼ੇ ਅਤੇ ਮੰਜੇ ਬਣਾਉਣ ਲਈ ਸਭ ਤੋਂ ਵਧੀਆ ਮੰਨੀ ਜਾਂਦੀ ਹੈ। ਧੀ 'ਚ ਦਿੱਤੇ ਜਾਣ ਵਾਲਾ ਲੱਕੜ ਦਾ ਸੰਦੂਕ ਅਤੇ ਹੋਰ ਸਮਾਨ ਖਾਸ ਕਰ ਟਾਹਲੀ ਦਾ ਬਣਾਇਆ ਜਾਦਾ ਹੈ। ਟਾਹਲੀ ਪੰਜਾਬ ਦਾ ਪ੍ਰਤੀਕ ਹੈ ਜੋ ਵਾਰ ਵਾਰ ਛਾਂਗਿਆਂ ਵੀ ਮੁੜ ਉਠ ਖਲੋਂਦਾ ਹੈ। ਜਿਥੇ ਟਾਹਲੀ ਲੱਕੜ ਅਤੇ ਛਾਂ ਪੱਖੋਂ ਬਿਹਤਰੀਨ ਰੁੱਖ ਮੰਨਿਆ ਜਾਂਦਾ ਹੈ ਉਥੇ ਸ਼ੇਰ ਜਾਨਵਰਾਂ ਵਿਚੋਂ ਸਭ ਤੋਂ ਸ਼ਕਤੀਸ਼ਾਲੀ ਜਾਨਵਰ ਹੈ ਜਿਸ ਨੂੰ ਜੰਗਲ ਦਾ ਰਾਜਾ ਕਿਹਾ ਜਾਂਦਾ ਹੈ। ਇਹਨਾਂ ਦੋਵਾਂ ਦੀ ਸਰਵੋਤਮਤਾ ਕਰਕੇ ਬੁਣਕਰ ਸੁਆਣੀ ਨੇ ਟਾਹਲੀ ਦਾ ਸ਼ੇਰ ਨਾਲ ਸੁਮੇਲ ਕੀਤਾ ਹੈ। 'ਕਿਤੇ ਤਾਂ ਲਾਉਨੀਆਂ ਟਾਹਲੀਆਂ ਵੇ ਪੱਤਾਂ ਵਾਲੀਆਂ ਵੇ, ਵਿਚ ਗੁਜ਼ਰੀ ਦੀ ਪੀਂਘ ਵੇ ਮਾਹੀਆ '

ii. **ਕਿੱਕਰ** ਟਿੱਬਿਆਂ ਅਤੇ ਖੁਸ਼ਕ ਇਲਾਕਿਆਂ ਵਿਚ ਹੁੰਦੀ ਹੈ। ਲੋਕਧਾਰਾ ਵਿਚ ਇਸ ਨੂੰ ਰੋਹੀ ਦਾ ਰੁੱਖ ਮੰਨਿਆ ਜਾਂਦਾ ਹੈ। ਇਹ ਵੀਰਾਨਗੀ ਅਤੇ ਕਾਲੇ ਰੰਗ ਦਾ ਪ੍ਰਤੀਕ ਹੈ। ਕਈ ਥਾਂ ਤੇ ਖੇਤ ਜਾਣ ਵਾਲੇ ਨੂੰ ਵਰਜਣਾ ਵੀ ਕੀਤੀ ਮਿਲਦੀ ਹੈ ਕਿ ਉਹ ਕਿੱਕਰ ਕੋਲੋਂ ਬਚ ਕੇ ਲੰਘੇ ਕਿਉਂਕਿ ਉਸ ਤੇ ਭੂਤ ਚੁੜੈਲਾਂ ਰਹਿੰਦੀਆਂ ਹਨ। ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ , ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।

IV. **ਅੰਬ ਅਤੇ ਕੋਇਲ** : ਭਾਰਤ ਅਤੇ ਪੰਜਾਬ ਦੀ ਧਾਰਮਿਕ ਅਤੇ ਸਭਿਆਚਾਰਕ ਪਰੰਪਰਾ ਵਿਚ **ਅੰਬ** ਫਲਾਂ ਦਾ ਰਾਜਾ ਹੈ ਅਤੇ ਇੱਕ ਵਿਸ਼ੇਸ਼ ਪ੍ਰਤੀਕ ਵਜੋਂ ਉਭਰਦਾ ਹੈ। ਕਲਾ ਦੀ ਦੇਵੀ ਸਰਸਵਤੀ ਦੀ ਪੂਜਾ, ਬੂਰ ਪਏ ਪੱਤਿਆਂ ਨਾਲ ਕੀਤੀ ਜਾਂਦੀ ਹੈ। ਗਣੇਸ਼ ਦੇ ਹੱਥ ਵਿਚ ਵੀ ਪੱਕਿਆ ਅੰਬ ਦਿਖਾਇਆ ਜਾਂਦਾ ਹੈ। ਜਿਸ ਦਾ ਅਰਥ ਹੈ ਪੂਰਨਤਾ ਦੀ ਪ੍ਰਾਪਤੀ। ਅੰਤਿਮ ਇਛਿਤ ਫਲ ਦੀ ਪ੍ਰਾਪਤੀ । ਅੰਬ ਦੇ ਪੱਤੇ ਬੱਚੇ ਜਨਮ, ਵਿਆਹ,ਤੇ ਹੋਰ ਸ਼ੁਭ ਮੰਗਲ ਅਵਸਰਾਂ ਤੇ ਸ਼ੁਭ ਮੰਗਲ ਕਾਮਨਾ ਲਈ ਦਰ ਤੇ ਸਜਾਏ ਜਾਂਦੇ ਹਨ। ਅੰਬ ਦਾ ਰੁਖ ਕੁੱਖ ਭਰਨ ਦਾ ਪ੍ਰਤੀਕ ਹੈ। ਬਹੁਤੀਆਂ ਪੰਜਾਬੀ ਲੋਕ ਕਹਾਣੀਆਂ ਵਿਚ ਰਿਸ਼ੀ ਬੇਔਲਾਦ ਰਾਜੇ-ਰਾਣੀਆਂ ਨੂੰ ਅੰਬ ਦਾ ਫਲ ਦਿੰਦਾ ਹੈ। ਅੰਬ ਜੀਵਨ ਅਤੇ ਪ੍ਰਜਣਨ ਦਾ ਪ੍ਰਤੀਕ ਹੈ । ਅੰਬ ਅਤੇ ਕੋਇਲ ਦਾ ਰੁਮਾਂਸ ਬਹੁਤ ਮਸ਼ਹੂਰ ਹੈ। ਬੂਰ ਪੈਣ ਤੇ ਇਹ ਗਾਉਣਾ ਸ਼ੁਰੂ ਕਰ ਦਿੰਦੀ ਹੈ। ਅੰਬਾਂ ਵਿਚ ਪੈਂਦਾ ਰਸ ਇਸ ਨੂੰ ਹੋਰ ਉਤੇਜਿਤ ਕਰਦਾ ਹੈ। ਪਰ ਅੰਬ ਪੱਕਣ ਤੱਕ ਗਾ ਗਾ ਕੇ ਇਸ ਦਾ ਗਲਾ ਪੱਕ ਜਾਂਦਾ ਹੈ। ਇਸੇ ਪੀੜਾ ਨੂੰ ਇਸ ਦੇ ਗਾਇਨ ਦੀ ਸ਼ਕਤੀ ਮੰਨਿਆ ਜਾਂਦਾ ਹੈ। ਸੁਰਿੰਦਰ ਕੌਰ ਨੂੰ ਵੀ ਪੰਜਾਬ ਦੀ ਕੋਇਲ ਦਾ ਰੁਤਬਾ ਦਿੱਤਾ ਗਿਆ

V. **ਜੰਡ** : ਪੰਜਾਬ ਵਿਚ ਹੋਣ ਵਾਲਾ ਰੁਖ ਜੰਡ ਵਿਸ਼ਾਲ ਰੁੱਖ ਹੁੰਦਾ ਹੈ। ਜੋ ਆਪਣੀ ਵਿਸ਼ਾਲਤਾ ਅਤੇ ਸਥਿਰਤਾ ਕਰਕੇ ਜਾਣਿਆ ਜਾਂਦਾ ਹੈ। ਰਾਹੀ ਨੂੰ ਛਾਂ ਦਿੰਦਾ ਹੈ। 'ਜੱਟ ਹੇਠ ਜੰਡੋਰੇ ਦੇ, ਸੌਂ ਗਿਆ ਪੱਟ ਦਾ ਸਰਾਣਾ ਲਾਕੇ', 'ਜੰਡ ਦੇ ਹੇਠ ਜੱਟਾ! ਸੌਂ ਰਹਿਓਂ, ਉਠ, ਸੁਰਤ ਸੰਭਾਲ' ਇਹ ਵੇਰਵਾ ਸਾਹਿਬਾ-ਮਿਰਜ਼ਾ ਦੇ ਕਿੱਸੇ 'ਚੋਂ ਹੈ ਜਿਥੇ ਥੱਕਿਆ ਮਿਰਜ਼ਾ ਆਰਾਮ ਭਾਲਦਾ ਹੈ ।

VI. ਸਤਰੰਗੀ ਪੀਂਘ : ਸਤਰੰਗੀ ਪੀਂਘ ਬੱਦਲ ਬਰਸਣ ਮਗਰੋਂ ਨਵੀਂ ਉਮੀਦ, ਨਵੀਂ ਆਸ, ਨਵੀਂ ਸ਼ੁਰੂਆਤ ਅਤੇ ਸੁਪਨਿਆਂ ਨੂੰ ਬੂਰ ਪੈਣ ਦੀ ਪ੍ਰਤੀਕ ਹੈ।

3) **ਖੇਤੀਬਾੜੀ** : ਦਰੀਆਂ ਵਿਚ ਮਿਲਦੇ ਕੱਦੂ , ਕਰੇਲੇ, ਬੈਂਗਣ, ਟਮਾਟਰ, ਗੋਭੀ, ਮਟਰ, ਮਿਰਚਾਂ, ਨਿੰਬੂ ਦੇ ਮੋਟਿਫ਼ ਪੰਜਾਬ ਵਿਚ ਹੋਣ ਵਾਲੀਆਂ ਫ਼ਸਲਾਂ ਦੀ ਬਹੁਭਿੰਨਤਾ ਦੀ ਸੂਹ ਦਿੰਦੀਆਂ ਹਨ। ਕੁਝ ਇੱਕ ਅਜਿਹੇ ਮੋਟਿਫਾਂ ਦਾ ਜ਼ਿਕਰ ਕਰਾਂਗੇ ਜੋ ਆਪਣੇ ਆਪ ਵਿਚ ਪ੍ਰਤੀਕ ਬਣ ਉਭਰਦੇ ਹਨ।

I. **ਕਪਾਹ ਦੀਆਂ ਛਿਟੀਆਂ** : ਪੰਜਾਬ ਵਿਚ ਕਪਾਹ ਦੀ ਖੇਤੀ ਸਦੀਆਂ ਤੋਂ ਹੁੰਦੀ ਆ ਰਹੀ ਹੈ ਅਤੇ ਇਸ ਨੂੰ 'ਚਿੱਟੇ ਸੋਨੇ'ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਹ ਘਰਾਂ ਦੀ ਆਮਦਨ ਦਾ ਸਾਧਨ ਹੀ ਨਹੀਂ ਸੀ ਹੁੰਦੀ ਬਲਕਿ ਬਿਸਤਰੇ ਅਤੇ ਪਹਿਨਣ ਵਾਲੇ ਕੱਪੜੇ ਬੁਣਨ ਲਈ ਵੀ ਵਰਤੀ ਜਾਂਦੀ। ਪੰਜਾਬ ਦੇ ਮਾਲਵੇ ਨੂੰ ਕਪਾਹ ਪੱਟੀ ਵਜੋਂ ਜਾਣਿਆ ਜਾਂਦਾ ਹੈ। ਧੀ ਜੰਿਦਆਂ ਹੀ ਉਸਦੇ ਦਾਜ ਦੀ ਤਿਆਰੀ ਆਰੰਭ ਹੋ ਜਾਂਦੀ। ਹੋਰ ਸਾਜ਼ੋ-ਸਮਾਨ ਨਾਲ ਦਰੀਆਂ-ਬਿਸਤਰੇ ਵੱਡਾ ਹਿੱਸਾ ਹੁੰਦੇ। ਰੀਝਾਂ ਨਾਲ ਦਰੀ ਬੁਣਦੀਆਂ ਉਹ ਭਵਿੱਖ ਦੇ ਕਿੰਨੇ ਸੁਪਨੇ ਵੀ ਬੁਣ ਲੈਂਦੀਆਂ। ਕਪਾਹ ਖਿੜਦਿਆਂ ਹੀ ਇਸ ਦੀ ਚੁਗਾਈ, ਛਟਾਈ, ਪਿੰਜਾਈ, ਕਤਾਈ ਅਤੇ ਬੁਣਾਈ ਦੀ ਵਿਉਂਤਬੰਦੀ ਸ਼ੁਰੂ ਹੋ ਜਾਂਦੀ । ਕਪਾਹ ਦਾ ਵਿਆਹ , ਇਹ ਇੱਕ ਰਸਮ ਹੁੰਦੀ ਹੈ ਜਿਹੜੀ ਕਪਾਹ ਦੀ ਚੁਗਾਈ ਸ਼ੁਰੂ ਕਰਨ ਸਮੇਂ ਕੀਤੀ ਜਾਂਦੀ ਹੈ। ਸੋ ਪੰਜਾਬ ਵਿਚ ਕਪਾਹ ਕੇਵਲ ਇਕ ਫ਼ਸਲ ਨਹੀਂ ਬਲਕਿ ਇਸ ਨਾਲ ਤਨ ਦੇ ਕੱਪੜੇ, ਬਿਸਤਰੇ ਅਤੇ ਧੀ ਦਾ ਦਾਜ ਕਿੰਨਾ ਕੁਝ ਹੀ ਜੁੜਿਆ ਹੋਇਆ ਹੈ। 'ਜਦੋਂ ਪੈਣ ਕਪਾਹੀਂ ਫੁੱਲ ਵੇ, ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ , ਧਰਮੀ ਬਾਬਲਾ' ਇਸ ਗੀਤ ਵਿਚ ਵੀ ਧੀ ਬਾਬਲ ਤੋਂ ਕਪਾਹ ਦੀ ਰੁੱਤ ਮੰਗਦੀ ਹੈ ਜਿਸ ਸਦਕਾ ਉਸ ਆਪਣੇ ਘਰ ਵਿਆਹ ਕੇ ਜਾਣਾ ਹੈ। ਸੋ ਪੰਜਾਬੀ ਰਹਿਤਲ ਵਿਚ ਕਪਾਹ ਕਿਸੇ ਪਰਿਵਾਰ ਦੀ ਮਾਣ-ਇਜ਼ਤ ਦਾ ਸਿੰਬਲ ਹੋ ਨਿਬੜਦਾ ਹੈ।

'ਉੱਚੇ ਚੁਬਾਰੇ ਬਾਰੀ ਵੇ,
ਮੇਰੀ ਭਲਕੇ ਕਪਾਹ ਦੀ ਵਾਰੀ ਵੇ,
ਡੰਡੀ ਡੰਡੀ ਆ ਜਾ ਮਿੱਤਰਾ।'

--

ਤੇਰਾ ਮਾਮਲਾ ਪੂਰਾ ਨਾ ਹੋਇਆ
ਕੱਤੇ (ਕੱਤਕ) ਦੀ ਕਪਾਹ ਵੇਚ ਕੇ
ਕਪਾਹ ਬੀਜਦੇ ਨਿਆਈਂ ਵਾਲੇ ਖੱਤੇ
ਵੀਰਾ ਤੇਰੇ ਧੀ ਜੰਮ ਪਈ

--

ਗਿੱਠ ਗਿੱਠ ਕਪਾਹਾਂ

ਵਿੱਚ ਗੋਡੇ ਗੋਡੇ ਤਾਂਦਲਾ

ਆਉਣਗੇ ਪਟਵਾਰੀ

ਕਿਥੋਂ ਦੇਵੇਂਗਾ ਵੇ ਮਾਮਲਾ

--

ਕੱਤੇ ਦੀ ਕਪਾਹ ਵੇਚ ਕੇ

ਤੇਰੇ ਹੱਥਾਂ ਨੂੰ ਕਰਾਦੂੰ ਛਾਪਾਂ ਛੱਲੇ

II. **ਵੇਲਾਂ** : ਦਰੀਆਂ ਵਿਚ ਵੇਲਾਂ ਦੀਆਂ ਬਹੁਤ ਕਿਸਮਾਂ ਮਿਲਦੀਆਂ ਹਨ ਜਿਵੇਂ ਫੁੱਲਾਂ ਦੀ ਵੇਲ, ਕੱਦੂਆਂ ਦੀ ਵੇਲ, ਟਮਾਟਿਆਂ ਦੀ ਵੇਲ ਆਦਿ। ਪੰਜਾਬੀ ਵਿਚ 'ਵੇਲ ਵਧੇ' ਅਸੀਸ ਵੀ ਇਸੇ ਵਰਤਾਰੇ ਨਾਲ ਜੁੜੀ ਹੋਈ ਹੈ। ਵੇਲ ਵਧਣਾ , ਨਸਲ ਵੱਧਣ ਦਾ ਪ੍ਰਤੀਕ ਹੈ।

III. **ਮੁਰੱਬੇਬੰਦੀ** : ਦਰੀਆਂ ਦੇ ਨਮੂਨਿਆਂ ਵਿਚ ਮੁਰੱਬੇਬੰਦੀ ਦਾ ਨਮੂਨਾ ਬਹੁਤ ਮਹੱਤਵਪੂਰਨ ਅਤੇ ਵੱਖਰੇ ਕਿਸਮ ਦਾ ਹੈ। ਪੰਜਾਬ ਵਿਚ ਮੁਰੱਬੇਬੰਦੀ ਦਾ ਵਰਤਾਰਾ ਵੰਡ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਪਰ ਵੰਡ ਮਗਰੋਂ ਖਾਲੀ ਜ਼ਮੀਨਾਂ ਦੀ ਅਲਾਟਮੈਂਟ ਦੇ ਨਾਲ-ਨਾਲ ਇਸ ਨੂੰ ਤੇਜ਼ੀ ਮਿਲੀ। ਅਸਲ ਵਿਚ ਜਦੋਂ ਕਿਸੇ ਕਿਸਾਨ ਦੀ ਜ਼ਮੀਨ ਟੋਟਿਆਂ ਵਿਚ ਹੁੰਦੀ ਅਤੇ ਇਨਾਂ ਖੇਤਾਂ ਦਾ ਫਾਸਲਾ ਆਪਸ ਵਿਚ ਬਹੁਤ ਦੂਰੀ ਦਾ ਹੁੰਦਾ ਤਾਂ ਉਸ ਲਈ ਹਰ ਛੋਟੇ ਖੇਤ ਲਈ ਅਲੱਗ ਖੂਹ ਲਵਾਉਣਾ ਅਤੇ ਸਾਂਭ ਸੰਭਾਲ ਕਰਨੀ ਔਖਾ ਕੰਮ ਹੁੰਦਾ। ਮੁਰੱਬੇਬੰਦੀ ਦਾ ਉਦੇਸ਼ ਹੀ ਕਿਸਾਨਾਂ ਦੀਆਂ ਖਿੰਡੀਆਂ ਜ਼ਮੀਨਾਂ ਨੂੰ ਵਿਉਂਤਬੰਦੀ ਰਾਹੀਂ ਇੱਕ ਥਾਂ ਕਰਨਾ ਸੀ। ਵੱਡੀਆਂ ਜੋਤਾਂ ਦੀ ਵਾਹੀ ਸੌਖੀ ਅਤੇ ਘੱਟ ਖਰਚੇ ਵਾਲੀ । ਇਸ ਸਾਰੇ ਵਰਤਾਰੇ ਨੂੰ ਔਰਤਾਂ ਨੇ ਆਪਣੇ ਨਮੂਨੇ ਵਿਚ ਢਾਲਿਆ ਹੈ ਅਤੇ ਉਸ ਨੂੰ ਮੁਰੱਬੇਬੰਦੀ ਜਾਂ ਚੱਕਬੰਦੀ ਦਾ ਨਾਂ ਦਿੱਤਾ ਹੈ। ਅਸੀਂ ਕਹਿ ਸਕਦੇ ਹਾਂ ਕਿ ਮੁਰੱਬੇਬੰਦੀ ਦੀ ਦਰੀ ਉਸ ਵਰਤਾਰੇ ਦਾ ਪ੍ਰਤੀਕ ਹੈ ਜੋ ਜ਼ਮੀਨ ਦੇ ਨਿੱਕੇ ਨਿੱਕੇ ਟੁਕੜਿਆਂ ਨੂੰ ਇੱਕ ਥਾਂ ਕਰਕੇ ਵੱਡੀ ਜੋਤ ਵਿਚ ਬਦਲ ਦਿੰਦਾ ਹੈ। ਇਹ ਵਰਤਾਰਾ ਪੰਜਾਬੀ ਕਿਸਾਨ ਦੀ ਖੁਸ਼ਹਾਲੀ ਦਾ ਕਾਰਨ ਵੀ ਬਣਿਆ। ਭਾਵ ਆਪਸੀ ਸਹਿਮਤੀ ਅਤੇ ਸਰਕਾਰ ਦੀਆਂ ਭਲਾਈ ਸਕੀਮਾਂ ਨਾਲ ਵਰਤਾਰਿਆਂ ਨੂੰ ਸੌਖਾ ਕੀਤਾ ਜਾ ਸਕਦਾ ਹੈ।

4) **ਪੰਛੀ ਅਤੇ ਜਨੌਰ** :

ਪੰਜਾਬ ਦੀ ਕਲਾ ਵਿਚ ਹੀ ਨਹੀਂ ਬਲਕਿ ਭਾਰਤ ਦੀਆਂ ਬਹੁਤੀਆਂ ਕਲਾਵਾਂ ਵਿਚ ਪੰਛੀ ਅਤੇ ਜਾਨਵਰ ਮਨਭਾਉਂਦੇ ਮੋਟਿਫ਼ ਰਹੇ ਹਨ। ਭਾਰਤ ਦੀਆਂ ਕਲਾਵਾਂ ਵਿਚ ਪੂਰਵ ਇਤਿਹਾਸਕ ਸਮੇਂ ਤੋਂ ਹੀ ਇਸ ਦੀਆਂ ਪੈੜਾਂ ਲੱਭੀਆਂ ਜਾ ਸਕਦੀਆਂ ਹਨ। ਆਪਣੇ ਭੂਗੋਲਿਕ ਆਲੇ-ਦੁਆਲੇ ਸਦਕਾ ਆਰੰਭ ਤੋਂ ਹੀ ਪੰਜਾਬ ਦੇ ਲੋਕਾਂ ਦਾ ਚਿੜੀਆਂ ਜਨੌਰਾਂ ਪਸ਼ੂਆਂ ਨਾਲ ਨੇੜੇ ਦਾ ਵਾਹ ਰਿਹਾ ਹੈ। ਉਹ ਇਸ ਦੀ ਜ਼ਿੰਦਗੀ ਦਾ ਹੀ ਅਭਿੰਨ ਅੰਗ ਨਹੀਂ ਰਹੇ ਬਲਕਿ ਉਸ ਦੀ ਭਾਸ਼ਾ ਅਤੇ ਕਲਾ ਵਿਚ ਵੀ ਮੋਟਿਫ਼ ਵਜੋਂ ਸ਼ਾਮਿਲ ਹੁੰਦੇ ਗਏ ਅਤੇ ਕਿਤੇ ਕਿਤੇ ਮਨੁੱਖੀ ਵਿਹਾਰ ਦੇ ਪ੍ਰਤੀਕ ਬਣ ਵੀ ਉਭਰੇ। ਲੋਕ ਕਹਾਣੀਆਂ ਵਿਚ ਜਾਨਵਰ ਪਾਤਰ ਮਨੁੱਖੀ ਭਾਸ਼ਾ ਬੋਲਦੇ ਹਨ ਤਾਂ ਦਰੀਆਂ ਵਿਚ ਮੋਟਿਫ਼ ਬਣ ਉਹ ਅਨੇਕਾਰਥੀ ਕਥਾਵਾਂ, ਵਿਸ਼ਵਾਸਾਂ ਦੇ ਪ੍ਰਤੀਕ ਬਣ ਉਘੜਦੇ ਹਨ। **ਹਾਥੀ ,**ਘੋੜਾ ,ਸ਼ੇਰ/ਹਿਰਨ, ਬਿੱਲੀ ,ਬਲੂੰਗੜਾ ,ਖਰਗੋਸ਼/ਸਹਿਆ ,ਡੱਡੂ ,ਤੋਤਾ ,ਤੋਤਾ-ਤੋਤੀ ,ਤੋਤਾ-ਮੈਨਾ , ਰੈਅਤੋਤਾ ,ਚਿੜੀ ,ਕਾਟੋ , ਘੁੱਗੀ ,ਮੋਰ ,ਕਬੂਤਰ, ਕੋਇਲ ,ਮੁਰਗਾ/ਕੁੱਕੜ ,ਚੂਚਾ ,ਮੱਛੀਆਂ : ਮੈਂ ਮਛਲੀ ਦਰਿਆਵਾਂ ਦੀ ਤੂ ਬਗਲਾ ਬਣ ਕੇ ਆ ,ਬਗਲੇ ,ਬੱਤਖ ,ਹੰਸ ,ਡੱਡੂ ,ਤਿਤਲੀ ਅਨੇਕਾਂ ਜਨੌਰਾਂ, ਪੰਛੀਆਂ ਓਤੇ ਕੀਟਾਂ ਦੇ ਮੋਟਿਫ਼ ਮਿਲ ਜਾਂਦੇ ਹਨ ਜਿਨ੍ਹਾਂ ਵਿਚੋਂ ਅਸੀਂ ਕੁਝ ਅਜਿਹੇ ਮੋਟਿਫਾਂ ਦੀ ਗੱਲ ਕਰਾਂਗੇ ਜੋ ਮਨੁੱਖੀ ਜੀਵਨ ਵਿਚ ਪ੍ਰਤੀਕ ਬਣ ਕੇ ਅਟਕ ਜਾਂਦੇ ਹਨ। ਇਉਂ ਹਰ ਸਭਿਆਚਾਰ ਆਪਣੇ ਦੁਆਲੇ ਵੱਸਦੇ ਜਲ-ਥਲ ਦੇ ਜੀਵਾਂ-ਜਨੌਰਾਂ ਪ੍ਰਤਿ ਆਪਣਾ ਵਿਲੱਖਣ ਰਵੱਈਆ ਰੱਖਦਾ ਹੈ। ਭਾਰਤ ਵਿਚ ਹਜ਼ਾਰਾਂ ਸਾਲਾਂ ਦੀ ਪਰੰਪਰਾ ਹੈ ਕਿ ਉਹ ਇਹਨਾਂ ਦੋਸਤ, ਸਹਿਭਾਗੀ ਅਤੇ ਰਖਿਅਕਾਂ ਵਜੋਂ ਲੈਂਦਾ ਹੈ ਅਤੇ ਸਮਝਦਾ ਹੈ ਕਿ ਇਹ ਧਰਤੀ ਸਭ ਦੀ ਸਾਂਝੀ ਹੈ। ਭਾਰਤੀ ਸਭਿਆਚਾਰ ਵਿਚ ਜਾਨਵਰਾਂ ਦੇ ਮੋਟਿਫ਼ ਅਤੇ ਬੁੱਤਕਲਾ ਉਪਰ ਵਿਸ਼ਾਲ ਕੰਮ ਕਰਨ ਵਾਲੇ ਡਾ. ਕੁਮੁਦ ਕਾਂਤੀਕਰ ਲਿਖਦੇ ਹਨ , " ਰੋਮਨਾਂ ਲਈ ਜਾਨਵਰ ਸਾਧਣੇ ਜਾਂ ਉਨ੍ਹਾਂ ਨੂੰ ਮਾਰ ਲੈਣਾ ਹੀ ਉਦੇਸ਼ ਹੁੰਦਾ ਸੀ। ਗਰੀਕ ਲੋਕਾਂ ਲਈ ਜਾਨਵਰ ਸ਼ਕਤੀ ਦਾ ਪ੍ਰਤੀਕ ਰਹੇ ਹਨ ਜੋ ਆਪਣੀ ਅਲੱਗ ਧਰਤੀ ਤੇ ਵੱਸਦੇ ਹਨ। ਪਰ

ਪੁਰਾਤਨ ਭਾਰਤੀ ਲੋਕਾਂ ਨੇ ਉਨ੍ਹਾਂ ਨੂੰ ਉਵੇਂ ਦੇਖਿਆ ਜਿਵੇਂ ਇਹ ਦੇਖੇ ਜਾਣੇ ਚਾਹੀਦੇ ਸਨ।" ਭਾਵ ਭਾਰਤੀਆਂ ਨੇ ਜੰਤੂ ਜਨੌਰਾਂ ਨੂੰ ਆਪਣੇ ਸੰਸਾਰ ਦੇ ਹਿੱਸੇ ਵਜੋਂ ਹੀ ਦੇਖਿਆ। ਜਲ-ਥਲ ਦੇ ਜੰਤੂ ਜਨੌਰਾਂ ਦੇ ਮੋਟਿਫ਼ ਭਾਰਤੀ ਨਾਚਾਂ, ਬੁੱਤ ਕਲਾ, ਇਮਾਰਤ ਕਲਾ ਅਤੇ ਹਸਤ-ਕਲਾਵਾਂ ਵਿਚ ਸ਼ਕਤੀ, ਮਾਣ, ਖ਼ੂਬਸੂਰਤੀ ਅਤੇ ਸਿਆਣਪ ਦੇ ਧਾਰਮਿਕ ਪ੍ਰਤੀਕਾਂ ਵਜੋਂ ਸ਼ਾਮਿਲ ਕੀਤੇ ਗਏ।

I. **ਤੋਤਾ/ ਰੈਅਤੋਤਾ, ਤੋਤਾ-ਤੋਤੀ, ਤੋਤਾ-ਮੈਨਾ** : ਦਰੀਆਂ ਵਿਚ ਤੋਤੇ ਦੇ ਅਨੇਕਾਂ ਕਿਸਮ ਦੇ ਮੋਟਿਫ਼ ਮਿਲ ਜਾਂਦੇ ਹਨ। ਭਾਰਤੀ ਪਰੰਪਰਾ /ਹਿੰਦੂ ਮਿਥਿਹਾਸ ਵਿਚ ਤੋਤਾ ਕਾਮਦੇਵ ਅਤੇ ਉਸਦੀ ਪਤਨੀ ਰੱਤੀ ਦਾ ਵਾਹਨ ਹੈ। ਪ੍ਰਸਿੱਧ ਮੰਦਰ ਮਦੁਰਾਇ ਮੀਨਾਕਸ਼ੀ ਵਿਚ ਮੀਨਾਕਸ਼ੀ, (ਪਾਰਵਤੀ) ਦੇ ਸੱਜੇ ਹੱਥ ਵਿਚ ਵੀ ਤੋਤਾ ਫੜਿਆ ਦੇਖਿਆ ਜਾ ਸਕਦਾ ਹੈ। ਲਾਲ ਚੁੰਝ ਅਤੇ ਹਰੇ ਖੰਭਾਂ ਵਾਲਾ ਤੋਤਾ (ਪ੍ਰਤੀਕ) ਭਾਰਤੀ ਲੋਕ-ਕਹਾਣੀਆਂ ਵਿਚ ਅਜਿਹੇ ਪਾਤਰ ਵਜੋਂ ਉਭਰਦਾ ਹੈ ਜੋ ਮਨੁੱਖਾਂ ਦੀ ਭਾਸ਼ਾ ਵਿਚ ਬੋਲਦਾ ਵੀ ਹੈ। ਕਾਮਦੇਵ ਪ੍ਰੇਮ ਦੇ ਦੇਵਤਾ ਹਨ ਇਸ ਲਈ ਲਈ ਪ੍ਰਤੀਕ (ਤੋਤੇ ) ਨੂੰ ਪ੍ਰਜਣਨ/ ਉਪਜਾਇਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੂੰ ਪੁੱਛਾਂ ਲੈਣ ਲਈ ਵੀ ਵਰਤਿਆ ਜਾਂਦਾ ਹੈ। ਭਾਵ ਇਹ ਸੱਚ ਬੋਲਣ ਦਾ ਪ੍ਰਤੀਕ ਵੀ ਹੈ। ਪੰਜਾਬੀ ਰਹਿਤਲ ਵਿਚ ਤੋਤਾ ਬਾਗਾਂ ਦਾ ਪੰਛੀ ਹੈ ਜੋ ਬਾਗੀਂ ਉਤਰੇ ਰਾਜਕੁਮਾਰ ਦਾ ਪ੍ਰਤੀਕ ਹੈ। ਇਹ ਰਾਜਕੁਮਾਰ ਹਰ ਕੁੜੀ ਦਾ ਸੁਪਨਾ ਹੈ। ਲੋਕ ਕਹਾਣੀਆਂ ਵਿਚ ਤੋਤਾ ਭੈਣਾਂ ਦਾ ਭਾਈ ਹੈ ਜੋ ਉਸ ਨੂੰ ਰਾਜੇ ਦੇ ਬਾਗ ਵਿਚ ਜਾਣ ਤੋਂ ਵਰਜਦੀਆਂ ਹਨ। ਉਹ ਫੜਿਆ ਜਾਂਦਾ ਹੈ, ਪਰ ਮਰ ਕੇ ਵੀ ਉਡ ਜਾਂਦਾ ਹੈ। ਇਹ ਇਕ ਨਿਮਾਣੇ ਮਨੁੱਖ ਦੀ ਆਖਰੀ ਕੋਸ਼ਿਸ਼ ਹੈ ਇਸ ਅਸਾਵੇਂ ਸਮਾਜ ਤੋਂ ਮੁਕਤੀ ਪਾਉਣ ਦੀ । ਦਰੀ ਵਿਚ ਰੈਅਤੋਤਾ (ਗਾਨੀ ਵਾਲਾ), ਤੋਤਾ-ਤੋਤੀ, ਤੋਤਾ-ਮੈਨਾ ਦੇ ਮੋਟਿਫ਼ ਪਾਏ ਮਿਲਦੇ ਹਨ ਇਹ ਜੋੜੇ ਪ੍ਰੇਮ ਦੇ ਪ੍ਰਤੀਕ ਹਨ। ਖੇਤਰੀ-ਕਾਰਜ ਦੌਰਾਨ ਇੱਕ ਸੁਆਣੀ ਨੇ ਹੁੱਬ ਕੇ ਦੱਸਿਆ ਕਿ ਉਸ ਨੇ ਤਾਂ ਤੋਤੇ ਦੇ ਬਹਿਣ ਲਈ ਚੌਂਕਾ ਵੀ ਬਣਾਇਆ ਸੀ।

II. **ਮੋਰ** : ਰਾਸ਼ਟਰੀ ਪੰਛੀ : ਮੋਰ ਸਾਡਾ ਰਾਸ਼ਟਰੀ ਪੰਛੀ ਹੈ ਜੋ ਆਪਣੀ ਖ਼ੂਬਸੂਰਤੀ, ਆਤਮ-ਵਿਸ਼ਵਾਸ ਅਤੇ ਸ਼ਾਹੀ ਅੰਦਾਜ਼ ਕਰਕੇ ਜਾਣਿਆ ਜਾਂਦਾ ਹੈ।

III. **ਚਿੜੀ** : 'ਸਾਡਾ ਚਿੜੀਆ ਦਾ ਚੰਬਾ ਵੇ, ਬਾਬਲ ਅਸਾਂ ਉਡ ਵੇ ਜਾਣਾ'ਲੋਕਗੀਤ ਕੁੜੀਆਂ ਨੂੰ ਚਿੜੀਆਂ ਦੱਸਦਾ ਹੈ ਅਤੇ ਉਨ੍ਹਾਂ ਦੇ ਉਸ ਵਿਯੋਗ ਵੱਲ ਇਸ਼ਾਰਾ ਕਰਦਾ ਹੈ ਜੋ ਵਿਆਹ ਦੇ ਨਾਲ ਹੋਣਾ ਹੈ। ਉਹਨਾਂ ਆਪਸ ਵਿਚ ਕਦੇ ਮਿਲਣਾ ਵੀ ਹੈ ਜਾਂ ਨਹੀਂ ਇਸ ਦਾ ਵੀ ਕੋਈ ਯਕੀਨ ਨਹੀਂ।ਉਹਦਾ ਘਰ ਕਿਹੜਾ ਹੈ ਇਸ ਦੀ ਅਨਿਸ਼ਚਿਤਤਾ ਅਤੇ ਪਿਤਰੀ ਸਮਾਜ ਵਿਚ ਇਸ ਪੱਖੋਂ ਉਸ ਦੀ ਹੋਣੀ ਤਰਸਯੋਗ ਹੈ। ਆਪਣੇ ਇਸ ਅਹਿਸਾਸ ਨੂੰ ਨਾ ਕੇਵਲ ਉਹ ਗੀਤਾਂ ਵਿਚ ਢਾਲਦੀ ਹੈ ਬਲਕਿ ਦਰੀਆਂ ਵਿਚ ਵੀ ਬੁਣ ਲੈਂਦੀ ਹੈ। ਇਉਂ ਚਿੜੀ ਮਾਸੂਮਤਾ ਦਾ, ਧੀ ਦੇ ਵਿਯੋਗ ਅਤੇ ਬੇਗਾਨਗੀ ਦੇ ਅਹਿਸਾਸਦਾ ਪ੍ਰਤੀਕ ਬਣ ਜਾਂਦਾ ਹੈ।

IV. **ਕਾਟੋ**: ਦਰੀ ਦਾ ਇੱਕ ਨਮੂਨਾ ਹੈ ' ਕਿੱਕਰ 'ਤੇ ਕਾਟੋ ਰਹਿੰਦੀ, ਕੱਲਾ ਨਾ ਜਾਈਂ ਖੇਤ ਨੂੰ' ਇਹ ਇੱਕ ਲੋਕਗੀਤ ਤੇ ਆਧਾਰਿਤ ਨਮੂਨਾ ਹੈ ਜਿਸ ਵਿਚ ਕਿੱਕਰਾਂ ਉੱਤੇ ਕਾਟੋ ਅਤੇ ਜੰਗਲ ਦਾ ਨੂੰਨਾ ਪਾਇਆ ਗਿਆ ਹੈ। ਅਸਲ ਵਿਚ ਨਵੀਂ ਵਿਆਹੀ ਔਰਤ ਆਪਣੇ ਪਤੀ ਨੂੰ ਖੇਤ ਭੇਜਣ ਵੇਲੇ ਮਨ ਦੀਆਂ ਆਸ਼ੰਕਾਵਾਂ ਨਾਲ ਭਰੀ ਹੋਈ ਹੈ ਕਿ ਰਸਤੇ ਵਿਚ ਕੋਈ ਹੋਰ ਔਰਤ ਉਸ ਦੇ ਪਤੀ ਨੂੰ ਆਕਰਸ਼ਿਤ ਨਾ ਕਰ ਲਵੇ । ਕਿੱਕਰ ਰੋਹੀ ਦਾ ਰੁਖ ਹੈ। ਦੂਰ ਤੱਕ ਵੀਰਾਨਗੀ ਹੈ ਜਿਥੋਂ ਉਸ ਨੇ ਲੰਘਣਾ ਹੈ। ਕਿੱਕਰ ਦੀ ਕਾਟੋ ਉਸ ਚੰਚਲ, ਮੋਮੋਠੱਗਣੀ ਦਾ ਪ੍ਰਤੀਕ ਹੈ ਜਿਸ ਨੇ ਵਾਹੀਵਾਨ ਨੂੰ ਆਪਣੇ ਜਾਲ ਵਿਚ ਫਸਾ ਲੈਣਾ ਹੈ।

V. **ਘੁੱਗੀ**: ਘੁੱਗੀ ਸ਼ਾਂਤੀ ਦਾ ਪ੍ਰਤੀਕ ਪੰਛੀ ਹੈ ਜਿਸ ਨੂੰ ਸਾਰੇ ਸੰਸਾਰ ਵਿਚ ਮਾਨਤਾ ਮਿਲੀ ਹਿਈ ਹੈ। ਅਸਲ ਵਿਚ ਇਹ ਇੱਕ ਭੋਲਾ-ਭਾਲਾ ਪੰਛੀ ਹੈ ਜੋ ਕਿਸੇ ਨੂੰ ਤੰਗ ਨਹੀਂ ਕਰਦਾ ਅਤੇ ਸ਼ਾਂਤੀ ਪਸੰਦ ਹੁੰਦਾ ਹੈ। ਘੁੱਗੀਆਂ ਦੀਆਂ ਅਨੇਕਾਂ ਦਰੀਆਂ ਮਿਲੀਆਂ ਜੋ ਧੀਆਂ ਦੀ ਸ਼ਾਂਤੀ-ਪਸੰਦਗੀ ਵਾਲੇ ਪਰਿਵਾਰ ਦੀ ਇੱਛਾ ਨੂੰ ਵਿਅਕਤ ਕਰਦੀਆਂ ਹਨ। ਅਹਿੰਸਾ, ਏਕਤਾ ਦੇ ਭਾਵ ਨੂੰ ਅੰਤਰਰਾਸ਼ਟਰੀ ਪੱਧਰ ਤੇ ਦਰਸਾਉਣ ਲਈ ਘੁੱਗੀ ਨੂੰ ਇੱਕ ਵਾਰ ਉਲੰਪਿਕ ਖੇਡਾਂ ਦਾ ਚਿੰਨ੍ਹ ਵੀ ਬਣਾਇਆ ਗਿਆ ਸੀ।

VI. **ਕਬੂਤਰ** : ਕਬੂਤਰ ਬਾਰੇ ਬਹੁਤ ਗੀਤ ਮਿਲਦੇ ਹਨ ਜੋ ਉਸ ਨੂੰ ਪ੍ਰੇਮ ਦਾ ਸੰਦੇਸ਼-ਵਾਹਕ ਵਜੋਂ ਦਰਸਾਉਂਦੇ ਹਨ। ਪੁਰਾਣੇ ਸਮੇਂ ਵਿਚ ਕਬੂਤਰ ਨੂੰ ਸੰਦੇਸ਼-ਰੁੱਕਾ ਭੇਜਣ-ਲਿਆਉਣ ਵਾਸਤੇ ਵੀ ਸਿਖਲਾਈ ਦਿੱਤੀ ਜਾਂਦੀ ਸੀ ਜੋ ਉਹ ਸਫਲਤਾ ਪੂਰਵਕ ਕਰਦਾ ਸੀ। ਦਰੀਆਂ ਵਿਚ ਵੀ ਕਬੂਤਰਾਂ ਦੇ ਅਨੇਕ ਨਮੂਨੇ ਮਿਲਦੇ ਹਨ ਜੋ ਪ੍ਰੇਮ-ਸਮਦੇਸ਼ ਲਿਆਉਣ ਦਾ ਪ੍ਰਤੀਕ ਹੈ।

VII. **ਮੁਰਗਾ** : ਮੁਰਗਾ ਬਾਂਗ ਦਿੰਦਾ ਹੈ। ਜੋ ਜਾਗਣ ਵੇਲੇ ਦਾ ਪ੍ਰਤੀਕ ਹੈ। ਇਸ ਬਾਰੇ ਇੱਕ ਕਥਾ ਵੀ ਹੈ ਕਿ ਇੰਦਰ, ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਤੇ ਮੋਹਿਤ ਸੀ। ਉਸ ਨੇ ਚੰਦਰਮਾ ਨੂੰ ਮਨਾ ਲਿਆ ਕਿ ਉਹ ਮੁਰਗਾ ਬਣ ਕੇ ਕੁਝ ਛੇਤੀ ਹੀ ਬਾਂਗ ਦੇ ਦੇਵੇ। ਬਾਂਗ ਸੁਣ ਰਿਸ਼ੀ ਗੌਤਮ ਨਦੀ ਵੱਲ ਇਸ਼ਨਾਨ ਲਈ ਚੱਲ ਪਏ। ਇੰਦਰ ਅਹੱਲਿਆ ਕੋਲ ਗੌਤਮ ਰਿਸ਼ੀ ਦੇ ਭੇਸ ਵਿਚ ਪਹੁੰਚ ਗਿਆ। ਅਹੱਲਿਆ ਨੇ ਪਰ

ਉਸ ਨੂੰ ਪਛਾਣ ਲਿਆ। ਉਧਰੋਂ ਗੌਤਮ ਰਿਸ਼ੀ ਮੁੜ ਆਏ ਅਤੇ ਆਪਣੀ ਗਿੱਲੀ ਧੋਤੀ ਚੰਦਰਮਾ ਦੇ ਮਾਰੀ ਜਿਸ ਨਾਲ ਉਸ ਤੇ ਸਦਾ ਲਈ ਦਾਗ ਪੈ ਗਿਆ। ਕੁੱਲ ਮਿਲਾ ਕੇ ਮੁਰਗਾ ਆਪਣੀ ਬਾਂਗ ਅਤੇ ਪੰਜਾਬੀ ਸਮਾਜ ਵਿਚ ਸੁਆਦਲੇ ਭੋਜਨ ਦਾ ਪ੍ਰਤੀਕ ਹੈ।

VIII. **ਬਗਲਾ** : ਦਰੀਆਂ ਵਿਚ ਬਗਲਿਆਂ ਦੇ ਮੋਟਿਫ਼ ਵੀ ਮਿਲਦੇ ਹਨ। ਪੰਜਾਬੀ ਸਭਿਆਚਾਰ ਬਗਲਾ ਭਗਤੀ ਦਾ ਪਾਖੰਡ ਕਰਨ ਦਾ ਪ੍ਰਤੀਕ ਹੈ ਜੋ ਅਸਲ ਵਿਚ ਇਸ ਬਹਾਨੇ ਮੱਛੀਆਂ ਦਾ ਸ਼ਿਕਾਰ ਕਰਨਾ ਚਾਹੁੰਦਾ ਹੈ।

IX. **ਹੰਸ** : ਭਾਰਤੀ ਕਹਾਣੀਆਂ ਵਿਚਹੰਸ ਸਦਾ ਤੋਂ ਰੂਹਾਨੀ, ਖਾਲਸ ਅਤੇ ਸੰਤ-ਸੁਭਾਅ ਦਾ ਪ੍ਰਤੀਕ ਰਿਹਾ ਹੈ। ਨਲ-ਦਮਯੰਤੀ ਦੀ ਕਹਾਣੀ ਵਿਚ ਹੰਸ ਵਿਛੜਿਆਂ ਨੂੰ ਮਿਲਾਉਣ ਦਾ ਕੰਮ ਕਰਦਾ ਹੈ। ਪੰਜਾਬ ਦੇ ਮਨੁੱਖੀ ਮਨ ਨੇ ਇਨ੍ਹਾਂ ਪੰਛੀਆਂ ਨੂੰ ਸਦਾ ਆਪਣੇ ਮਨ ਦੇ ਨੇੜੇ ਰੱਖਿਆ ਹੈ।

X. **ਤਿਤਲੀ** : ਤਿਤਲੀ ਤਬਦੀਲੀ, ਰੂਪਾਂਤਰਣ, ਸੁਹਜ ਅਤੇ ਆਜ਼ਾਦ ਤਰਬੀਅਤ ਦੀ ਪ੍ਰਤੀਕ ਹੈ।

XI. **ਹਾਥੀ :** ਹਿੰਦੂ ਮਿਥਿਹਾਸ ਦੀ ਸੰਮੁਦਰ ਰਿੜਕਣ ਦੀ ਕਥਾ ਅਨੁਸਾਰ ਸਮੁੰਦਰ ਰਿੜਕਣ ਵੇਲੇ ਹਾਥੀ, ਘੋੜ ਅਤੇ ਗਊ ਨਿਕਲੇ । ਹੋਰ ਕਲਾਵਾਂ ਵਾਂਗ ਦਰੀਆਂ ਵਿਚ ਵੀ ਹਾਥੀ ਦੇ ਮੋਟਿਫ਼ ਮਿਲਦੇ ਹਨ। ਇਹ ਤਾਕਤ, ਬਲ ਅਤੇ ਭਰੋਸੇਯੋਗਤਾ, ਵਫਾਦਾਰੀ ਦਾ ਪ੍ਰਤੀਕ ਮੰਨੇ ਜਾਂਦੇ ਹਨ।

I. **ਘੋੜਾ :** ਘੋੜਾ ਮਰਦਾਵੀਂ ਤਾਕਤ, ਸ਼ਾਹ-ਸਵਾਰ ਅਤੇ ਅਨੋਖੇ ਰੁਮਾਂਸ ਦਾ ਪ੍ਰਤੀਕ ਹੈ। ਪੰਜਾਬੀ ਵਿਚ ਮਿਰਜ਼ੇ ਦੀ ਬੱਕੀ, ਗੁਰੂ ਗੋਬਿੰਦ ਸਿੰਘ ਜੀ ਦਾ ਨੀਲਾ ਘੋੜਾ ਅਤੇ ਚੇਤਕ ਇਸ ਪ੍ਰਤੀਕ ਨੂੰ ਪਾਸਾਰ ਦਿੰਦੇ ਨਜ਼ਰ ਆਉਂਦੇ ਹਨ।

II. **ਸ਼ੇਰ** : ਸ਼ੇਰ ਪੰਜਾਬੀਆਂ ਲਈ ਬਹਾਦੁਰੀ, ਸਰਵੋਤਮਤਾ, ਸ਼ਹਿਨਸ਼ਾਹ ਦਾ ਪ੍ਰਤੀਕ ਹੈ। ਉਹ ਜੰਗਲ ਦਾ ਰਾਜਾ ਹੈ। ਨਿਆਂਸ਼ੀਲ ਹੈ।

III. **ਹਿਰਨ** : ਹਿਰਨ ਆਪਣੀ ਸੁੰਦਰਤਾ ਅਤੇ ਤੇਜ਼ ਦੌੜਾਕ ਵਜੋਂ ਜਾਣਿਆ ਜਾਂਦਾ ਹੈ। ਮ੍ਰਿਗਨੈਨੀ , ਹਿਰਨੋਟੇ ਆਦਿ ਸ਼ਬਦ ਉਸ ਦੀਆਂ ਸੁੰਦਰ ਅੱਖਾਂ ਬਾਰੇ ਹਨ ਜੋ ਪੰਜਾਬੀ ਸਾਹਿਤ ਅਤੇ ਕਲਾ ਵਿਚ ਪ੍ਰਤੀਕ ਵਜੋਂ ਵਰਤੇ ਜਾਂਦੇ ਹਨ। ਮ੍ਰਿਗਤ੍ਰਿਸ਼ਨਾ, ਮ੍ਰਿਗਛਲ ਸ਼ਬਦ ਇਸ ਪ੍ਰਤੀਕ ਦੇ ਹੋਰ ਪਾਸਾਰਾਂ ਨੂੰ ਅੱਗੇ ਲਿਆਉਂਦੇ ਹਨ।

5) **ਸਮਾਜਿਕ ਆਲਾ ਦੁਆਲਾ** : ਰੋਜ਼ ਵਰਤੋਂ 'ਚ ਆਉਂਦੇ ਅਤੇ ਨਤ ਵਰਤੀਂਦੇ ਵਰਤਾਰੇ 'ਚੋਂ ਅਨੇਕਾਂ ਮੋਟਿਫ਼ ਦਰੀਆਂ ਦਾ ਹਿੱਸਾ ਬਣੇ ਹਨ ਜੋ ਪੰਜਾਬੀ ਮਨ ਵਿਚ ਪ੍ਰਤੀਕ ਵਾਂਗ ਗ੍ਰਹਿਣ ਕਰ ਲਏ ਗਏ ਹਨ ਜਿਵੇਂ ਸੂਈ-ਧਾਗਾ, ਵੇਲਣਾ, ਪੱਖੇ, ਗੁਲਦਸਤੇ, ਫੁੱਲਦਾਨ/ਫੁੱਲਾਂ ਦੀ ਟੋਕਰੀ, ਕੇਤਲੀ-ਕੱਪ-ਪਲੇਟਾਂ, ਬੇਰ ਤੋੜਦੇ ਬੱਚੇ, ਦੀਵਾ, ਲੈਂਪ, ਗੈਸ, ਬਲਬ, ਟਿਊਬ, ਦੀਪਮਾਲਾ, ਸੁਰਮੇਦਾਨੀ, ਇੱਟ ਪਟੈਲ, ਘੜਾ ਰਾਣੀ ਹਾਰ (ਰੀਝਾਂ ਅਤੇ ਚਾਅ), ਸੁਰਮੇਦਾਨੀ, ਪੌੜੀਆਂ (ਵਿਕਾਸ ਉਤਾਂਹ ਵੱਲ ਵੱਧਣ ਦਾ), ਮੁੱਛ ਮਰੋੜ ਦੀ। ਇਨ੍ਹਾਂ ਵਿਚੋਂ ਕੁਝ ਦੀ ਚਰਚਾ ਅਸੀਂ ਅੱਗੇ ਕਰਾਂਗੇ :

I. **ਘੜਾ/ਖੂਹ/ਪੀਤੋ/ਪਾਲੀ** :

ਪ੍ਰਾਚੀਨ ਸਮੇਂ ਤੋਂ ਘੜੇ ਦਾ ਮੋਟਿਫ ਭਾਰਤੀ ਕਲਾ ਦਾ ਖਾਸ ਅੰਗ ਰਿਹਾ ਹੈ। ਚਿਤਰ ਕਲਾ , ਮੂਰਤੀ ਕਲਾ , ਬੁਣਾਈ ਟੈਕਸਟਾਈਲ , ਇਮਾਰਤ ਕਲਾ ਵਿਚ ਇਸਦੇ ਅਨੇਕਾਂ ਰੂਪ ਦੇਖੇ ਜਾ ਸਕਦੇ ਹਨ। ਕਈ ਦੇਵੀ ਦੇਵਤਿਆਂ ਜਿਵੇਂ ਬ੍ਰਹਮਾ ਲਕਸ਼ਮੀ ਦੇ ਹੱਥ ਵਿਚ ਇਹ ਦੇਖਿਆ ਜਾ ਸਕਦਾ ਹੈ। ਸਮੁੰਦਰ ਮੰਥਨ ਵਿਚੋਂ ਅੰਮ੍ਰਿਤ ਕਲਸ਼ ਨਿਕਲਣ ਦੀ ਕਥਾ ਨਾਲ ਰਿਗਵੇਦ ਤੱਕ ਇਸਦੀ ਪੈੜਚਾਲ ਨੱਪੀ ਜਾ ਸਕਦੀ ਹੈ। ਹਿੰਦੂ ਆਸਥਾ ਅਨੁਸਾਰ ਪਾਣੀ ਨਾਲ ਭਰਿਆ (ਕਈ ਵਾਰ ਇਹ ਕਲਸ਼ ਪਾਣੀ ਦੀ ਥਾਵੇਂ ਸਿੱਕਿਆਂ, ਅਨਾਜ ਨਾਲ ਵੀ ਭਰਿਆ ਹੁੰਦਾ ਹੈ) ਕਲਸ਼ ਨਾਰੀਅਲ ਅਤੇ ਅੰਬ ਦੇ ਪੰਜ ਪੱਤੇ ਨਾਲ ਸ਼ੁਭ ਮੰਨਿਆ ਜਾਂਦਾ ਹੈ ਜੋ ਭਰਪੂਰਤਾ ,ਬੁੱਧੀ, ਅਮਰਤਾ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਦਰੀਆਂ ਵਿਚ ਮੋਟਿਫ਼ ਘੜੇ ਦਾ ਪਾਇਆ ਜਾਂਦਾ ਹੈ। ਘੜਾ ਮਿੱਟੀ ਦਾ ਜਾਂ ਕੁਝ ਰਾਜਾਂ ਵਿਚ ਪਿੱਤਲ ਜਾਂ ਸਿਲਵਰ ਦਾ ਵੀ ਪਾਇਆ ਜਾਂਦਾ ਹੈ। ਸੰਸਕ੍ਰਿਤ ਵਿਚ ਇਸ ਲਈ ਸ਼ਬਦ ਕਲਸ਼ ਮਿਲਦਾ ਹੈ ਕੁਝ ਹੋਰ ਵਰਤੇ ਜਾਂਦੇ ਸ਼ਬਦ ਗਾਗਰ ਅਦਿ ਵੀ ਹਨ। ਕੁੱਲ ਮਿਲਾ ਕੇ ਇਹ ਭਾਂਡਾ ਪਾਣੀ ਭਰਨ ਦੇ ਕੰਮ ਆਉਂਦਾ ਹੈ। ਨਿਤ ਦੇ ਕੰਮ ਨੂੰ ਰੂਹ ਅਤੇ ਰੀਝ ਨਾਲ ਕਰਦੀਆਂ ਔਰਤਾਂ ਲਈ ਘੜਾ ਮਹਿਜ਼ ਇੱਕ ਸ਼ਬਦ, ਇੱਕ ਭਾਂਡਾ ਨਹੀਂ ਬਲਕਿ ਧੜਕਦੀ ਜ਼ਿੰਦਗੀ ਦੇ ਨੇੜੇ ਦਾ ਪ੍ਰਤੀਕ ਵੀ ਹੈ। ਕਿਉਂਕਿ ਉਹ ਨਿਤ ਦੇ ਕਾਰ-ਵਿਹਾਰ ਅਤੇ ਚੌਗਿਰਦੇ ਵਿਚੋਂ ਹੀ ਮੋਟਿਫ਼ ਚੁਣਦੀ ਹੈ ਜੋ ਉਸ ਦੇ ਦਿਲ ਦੇ ਬਹੁਤ ਨੇੜੇ ਹੁੰਦੇ ਹਨ। ਇਸੇ ਲਈ ਦਰੀਆਂ ਵਿਚ ਵੀ ਘੜਾ ਦਾ ਮੋਟਿਫ਼ ਹਾਜ਼ਰ ਮਿਲਦਾ ਹੈ। ਦਰੀਆਂ ਵਿਚ ਇੱਕ ਨਮੂਨਾ ਖੂਹ ਵਾਲੀ ਪੀਤੋ ਦਾ ਮਿਲਿਆ। ਪੀਤੋ ਇੱਕ ਵੱਡੇ ਘਰ ਦੀ ਵੱਡੀ ਨੂੰਹ ਹੈ ਜੋ ਆਪਣੇ ਪੇਕੇ ਗਈ ਹੋਈ ਸੀ। ਉਸ ਦੇ ਸਹੁਰੇ ਨੇ ਪਿੰਡ ਲਈ ਖੂਹ ਲਵਾਉਣਾ ਸੀ ਪਰ ਚੱਕ ਸਹੀ ਨਾ ਉਤਰੇ। ਪਾਂਧੇ ਨੇ ਪੁੱਛਿਆ ਕਿ ਕੀ ਕਰੀਏ ? ਉਸ ਹਿਸਾਬ-ਕਿਤਾਬ ਲਾ ਦੱਸਿਆ ਕਿ ਖੂਹ ਬਲੀ ਮੰਗਦਾ ਹੈ। ਓਹ ਬਲੀ ਕਿਸੇ ਚੰਗੇ ਘਰ ਦੀ ਵੱਡੀ ਨੂੰਹ ਦੀ ਹੀ ਹੋ ਸਕਦੀ ਹੈ। ਪੀਤੋ ਨੂੰ ਆਉਣ ਦਾ ਸੁਨੇਹਾ ਦੇ ਦਿੱਤਾ ਗਿਆ। ਰਸਤੇ ਵਿਚ ਹੀ ਖੂਹ ਉੱਤੇ ਉਸ ਦੀ ਬਲੀ ਦੇ ਦਿੱਤੀ ਗਈ। ਪੰਜਾਬੀ ਔਰਤ ਦੇ ਮਨ ਉੱਤੇ ਇਹ ਅਜਿਹੀ ਉਕਰੀ ਗਈ ਕਿ ਦਰਦ

ਬਣ ਨਮੂਨੇ ਚ ਵਹਿ ਤੁਰੀ। ਜ਼ਰੂਰ ਇਹ ਕਹਾਣੀ ਕਿਸੇ ਵੱਡੀ ਨੂੰਹ ਨੇ ਆਪਣੇ ਕਿਸੇ ਦਰਦ 'ਚੋਂ ਘੜੀ ਹੋਵੇਗੀ ਜੋ ਪਿੰਡ ਦੀ ਭਲਾਈ ਲਈ, ਪਾਣੀ ਦੇ ਸੋਮੇ ਲਈ ਆਪਣੇ ਆਪ ਦਾ ਤਿਆਗ ਵੀ ਕਰ ਸਕਦੀ ਹੈ। ਅਜਿਹੇ ਹੋਰ ਅਨੇਕਾਂ ਮੋਟਿਫ਼ ਹੋਣਗੇ ਔਰਤ ਮਨ ਦੇ ਦਰਦ ਦਾ ਪ੍ਰਤੀਕ ਬਣੇ ਹੋਣਗੇ। ਕੁਝ ਦੀ ਕਹਾਣੀ ਮੂੰਹੋਂ ਮੂੰਹ ਸਾਡੇ ਤੱਕ ਪਹੁੰਚੀ ਹੈ ਕੁਝ ਸਦੀਆਂ ਦੇ ਫਾਸਲੇ ਵਿਚ ਗੁਆਚ ਗਈਆਂ ਹੋਣਗੀਆਂ। ੧੯੬੦ ਮਗਰੋਂ ਇੱਕ ਪੰਜਾਬੀ ਗੀਤ ਦਾ ਰਿਕਾਰਡ ਬਹੁਤ ਚੱਲਿਆ ਸੀ 'ਪਾਲੀ ਪਾਣੀ ਖੂਹ ਤੋਂ ਭਰੇ – ਹੋ ਹੋ- ਹੋ ਹੋ' ਇਸ ਬਾਰੇ ਬਠਿੰਡੇ ਤੋਂ ਸਾਡੀ ਸਰੋਤ ਨੇ ਬਹੁਤ ਭਾਵੁਕ ਹੋ ਕੇ ਦੱਸਿਆ ਕਿ ਗੀਤ ਦੇ ਬੋਲ ਦਿਲ ਨੂੰ ਲਗਦੇ ਸਨ, ਜਿਵੇਂ ਕੋਈ ਮੇਰੀ ਗੱਲ ਕਰ ਰਿਹਾ ਹੋਵੇ, ਗਾਇਕ ਦਾ ਹੋ ਹੋ–ਹੋ ਹੋ ਕਹਿਣ ਦਾ ਅੰਦਾਜ਼ ਏਨਾ ਕਮਾਲ ਸੀ ਕਿ ਮੈਂ ਪਾਲੀ ਵੀ ਦਰੀ ਚ ਪਾਈ ਤੇ ਗੀਤ ਦੇ ਬੋਲ ਵੀ ਲਿਖ ਦਿੱਤੇ ਤੇ ਹੋ ਹੋ- ਹੋ ਹੋ ਵੀ ਲਿਖਿਆ। ਖੁਸ਼ੀ ਉਹਦੇ ਚਿਹਰੇ ਤੋਂ ਡੁੱਲ੍ਹ ਡੁੱਲ੍ਹ ਪੈਂਦੀ ਸੀ।

ਪੰਜਾਬੀ ਸਭਿਆਚਾਰ ਵਿਚ ਕੱਚਾ ਘੜਾ ਬੇਭਰੋਸਗੀ ਅਤੇ ਬੇਵਫਾਈ ਦਾ ਪ੍ਰਤੀਕ ਹੈ ਜਿਸ ਉੱਤੇ ਸੋਹਣੀ ਡੁੱਬ ਮੋਈ ਸੀ ।

'ਜਦੋਂ ਮੁੱਕ ਗਏ ਘੜੇ 'ਚੋਂ ਦਾਣੇ ਬਣ ਗਏ ਸਿੰਘ ਸਭੀਏ', ਸੀਤਾ ਦਾ ਜਨਮ ਦੱਬੇ ਘੜੇ ਚੋਂ ਹੁੰਦਾ ਹੈ ਇਹ ਸਭ ਪੰਜਾਬੀ ਸੱਭਿਆਚਾਰ ਦੇ ਨਵੇਕਲੇ ਅਤੇ ਪ੍ਰਚਲਿਤ ਵਰਤਾਰਿਆਂ ਦਾ ਪ੍ਰਤੀਕ ਹੈ। ਗ੍ਰਹਿ ਪ੍ਰਵੇਸ਼, ਵਿਆਹ, ਪਾਠ ਦੇ ਭੋਗ ਤੇ ਖਾਸ ਥਾਂ ਪਾਣੀ ਦਾ ਭਰਿਆ ਘੜਾ ਰਖਿਆ ਜਾਂਦਾ ਹੈ , ਪੂਜਾ ਵੀ ਕੀਤੀ ਜਾਂਦੀ ਹੈ । ਮਰਨ ਵੇਲੇ ਘੜਾ ਭੰਨਿਆ ਵੀ ਜਾਦਾ ਹੈ। ਇਉਂ ਘੜਾ ਜੀਵਨ ਦਾ ਪ੍ਰਤੀਕ ਹੈ ਜਿਸ ਨੇ ਸਮੇਂ ਨਾਲ ਭੱਜ ਜਾਣਾ ਹੈ। ਇਹ ਸਾਧਨ ਵੀ ਹੈ। ਸੋਹਣੀ ਮਹੀਂਵਾਲ ਕੱਚਾ ਘੜਾ ਬੇਵਫਾਈ ਦਾ ਪਰਤੀਕ ਹੋ ਨਿਬੜਦਾ ਹੈ।

II. **ਪੌੜੀਆਂ** : ਪੌੜੀਆਂ ਮਨੁੱਖ ਦੇ ਵਿਕਾਸ ਦਾ ਪ੍ਰਤੀਕ ਹਨ। ਇਹ ਧਰਤ ਅਤੇ ਸਵਰਗ ਦੇ ਵਿਚਕਾਰ ਪਾਰ ਉਤਰਨ ਦਾ ਸਾਧਨ ਵੀ ਹਨ।

III. **ਫੁੱਲਦਾਨ/ਫੁੱਲਾਂ ਦੀ ਟੋਕਰੀ** : ਅਮਰੀਕੀ ਮਾਨਵ ਵਿਗਿਆਨੀ ਹਿਰਸਕੋਵਿਤਸ ਅਨੁਸਾਰ, "ਸਭਿਆਚਾਰ ਵਾਤਾਵਰਣ ਦਾ ਮਨੁੱਖ-ਸਿਰਜਿਆ ਭਾਗ ਹੈ।" ਗੁਰਬਖਸ਼ ਸਿੰਘ ਫਰੈਂਕ ਵੀ ਲਿਖਦੇ ਹਨ ਇਹ ਉਸਦਾ ਕੁਦਰਤ ਨੂੰ ਵਰਤ ਕੇ, ਕੁਦਰਤ ਦੇ ਸਮਾਨਾਂਤਰ ਸਿਰਜਿਆ ਸਭਿਆਚਾਰ ਹੈ। ਦਰੀਆਂ ਬੁਣਦੀ ਔਰਤ ਕੁਦਰਤ 'ਚੋਂ ਫੁੱਲ ਤੱਕਦੀ ਹੈ ਅਤੇ ਗੁਲਦਸਤਾ ਬਣਾ ਕੇ ਦਰੀਆਂ ਦੇ ਫੁੱਲਦਾਨ 'ਚ ਚ ਸਜਾ ਵੀ ਲੈਂਦੀ ਹੈ । ਇਹ ਕੁਦਰਤ ਨੂੰ ਆਪਣੀ ਸੁਹਜ ਬਿਰਤੀ ਅਨੁਸਾਰ ਸਹੇਜਣ, ਵਿਉਂਤਣ ਅਤੇ ਸੁੰਦਰਤਾ ਦਾ ਪ੍ਰਤੀਕ ਹੈ।

IV. **ਕੇਤਲੀ-ਕੱਪ-ਪਲੇਟਾਂ** : ਪੰਜਾਬੀ ਜਨ-ਜੀਵਨ ਵਿਚ ਰਸੋਈ ਅਤੇ ਭਾਡੇ ਲੋੜ ਅਤੇ ਸੁਜ ਪੱਖੋਂ ਸਾਦਗੀ ਭਰੇ ਰਹੇ ਹਨ। ਨਵੇਂ ਪ੍ਰਚਲਨ ਚੀਨੀ ਭਾਂਡਿਆਂ ਦੀ ਆਮਦ ਅਤੇ ਇਸ ਦੀ ਸਲੀਕੇ ਭਰਪੂਰ ਵਰਤੋਂ ਨੇ ਪੰਜਾਬੀ ਸੁਆਣੀ ਨੂੰ ਆਕਰਸ਼ਿਤ ਕੀਤਾ। ਅਤੇ ਇਹ ਮੋਟਿਫਾਂ ਦੇ ਰੂਪ ਵਿਚ ਦਰੀਆਂ ਵਿਚ ਸ਼ਾਮਿਲ ਹੋ ਗਏ । ਸੋ ਇਹ ਮੋਟਿਫ਼ ਨਵੀਨਤਾ ਅਤੇ ਨਵੇਂ ਚੱਜ ਆਚਾਰ ਨਾਲ ਜੁੜਨ ਦਾ ਪ੍ਰਤੀਕ ਹੈ।

V. **ਮੁੱਛ-ਮਰੋੜ** : ਦਰੀਆਂ ਵਿਚ ਮੁੱਛ-ਮਰੋੜ ਦੀ ਦਰੀ ਬਹੁਤ ਆਰਸ਼ਿਤ ਕਰਦੀ ਹੈ। ਨਮੂਨਾ ਬੰਦੇ ਦੀਆਂ ਮੁੱਛਾਂ ਵਰਗਾ ਹੈ। ਕਮਾਲ ਦੀ ਕਲਾਕਾਰੀ ਹੈ। ਇਹ ਮਰਦਾਵੀਂ ਹੈਂਕੜ ਦੇ ਇਸ ਪ੍ਰਤੀਕ ਨੂੰ ਔਰਤ ਨੇ ਜਿਸ ਕਮਾਲ ਨਾਲ ਮੋਟਿਫ਼ ਦੇ ਰੂਪ ਵਿਚ ਪਾਇਆ ਹੈ ਉਹ ਵਾਕਈ ਹੀ ਸ਼ਲਾਘਾਯੋਗ ਹੈ।

VI. **ਸੁਰਮੇਦਾਨੀ** : ਸੁਰਮਾ ਪਾਉਣਾ ਅਦਾ ਨਾਲ ਜੀਵਨ ਜਿਉਣ ਦੇ ਚਾਅ ਦਾ ਪ੍ਰਤੀਕ ਹੈ। ਸੁਰਮਾ ਪਾਉਣਾ ਤੇ ਮਟਕਾਉਣਾ ਵੀ ਆਉਣਾ ਚਾਹੀਦਾ ਹੈ। 'ਸੁਰਮਾ ਪੰਜ ਰਤੀਆ ਮੈਂ ਬਾਬਲ ਤੋਂ ਮੰਗਵਾਇਆ' ਗੀਤ ਦੱਸਦਾ ਹੈ ਕਿ ਸੁਰਮਾ ਉਸ ਦੇ ਹਾਰ-ਸ਼ਿੰਗਾਰ ਵਿਚ ਖਾਸ ਥਾਂ ਰਖਦਾ ਹੈ। ਸੋ ਇਹ ਔਰਤ ਦੇ ਸੱਜਣ ਦੀ ਰੀਝ ਅਤੇ ਨਾਜ਼-ਨਖਰਿਆਂ ਦਾ ਪ੍ਰਤੀਕ ਹੈ।

6) **ਪਾਣੀ ਨਾਲ ਸੰਬੰਧਿਤ :**

ਮਨੁੱਖ ਪਾਣੀ ਨਾਲ ਨੇੜਿਓਂ ਜੁੜਿਆ ਹੋਇਆ ਹੈ। ਪੰਜਾਬ ਵਿਚ ਨਦੀ-ਨਾਲਿਆਂ ਦੀ ਭਰਪੂਰਤਾ ਸਦਕਾ ਪਾਣੀ ਨਾਲ ਸੰਬੰਧਿਤ ਵਰਤਾਰੇ ਅਤੇ ਜਲ-ਜੀਵ ਮਨੁੱਖੀ ਜੀਵਨ ਰਹਿਤਲ ਦਾ ਹਿੱਸਾ ਹਨ। ਲਹਿਰਾਂ ਨਿਤ ਵਾਪਰਦੀ ਤਬਦੀਲੀ ਦਾ ਪ੍ਰਤੀਕ ਹਨ । 'ਮੈਂ ਮਛਲੀ ਦਰਿਆਵਾਂ ਦੀ' ਮੱਛਲੀ ਖੁੱਲੇ ਪਾਣੀਆਂ ਵਿਚ ਤੈਰਨ ਦੀ ਖੁੱਲ੍ਹ, ਆਜ਼ਾਦੀ ਦਾ ਪ੍ਰਤੀਕ ਹੈ। **ਰੌਸ਼ਨੀ ਨਾਲ ਸੰਬੰਧਿਤ :** ਦੀਵਾ, ਲੈਂਪ, ਬਲਬ, ਗੈਸ, ਟਿਊਬ, ਦੀਪਮਾਲਾ

7) **ਰੌਸ਼ਨੀ ਨਾਲ ਸੰਬੰਧਿਤ / ਦੀਪ/ਦੀਵਾ/ਚਿਰਾਗ / Diya/Lamp /ਗੈਸ ਲੈਂਪ ਲੜੀਆਂ/ਚਿਰਾਗ/ਅਖੰਡ ਜਯੋਤੀ:**

ਦਰੀਆਂ ਵਿਚ ਦੀਵਾ ,ਲੈਂਪ ,ਗੈਸ ,ਬਲਬ ,ਟਿਊਬ ਅਤੇ ਲੜੀਆਂ ਅਜਿਹੇ ਮੋਟਿਫ਼ ਹਨ ਜੋ ਰੌਸ਼ਨੀ ਨਾਲ ਸੰਬੰਧਿਤ ਹਨ। ਜਿਥੇ ਇਹ ਆਪਣੇ ਆਪ ਵਿਚ ਪ੍ਰਤੀਕਾਤਮਕ ਅਰਥ ਰਖਦੇ ਹਨ ਉਥੇ ਪੰਜਾਬ ਦੀ ਸੁਆਣੀ ਦੁਆਰਾ ਦਰਜ ਕੀਤੇ ਇਹ ਮੋਟਿਫ਼ ਸਮੇਂ ਸਮੇਂ ਰੌਸ਼ਨੀ ਦੇ ਖੇਤਰ-ਵਿਚਲੇ ਵਿਕਾਸ ਦੀ ਕਹਾਣੀ ਵੀ ਕਹਿੰਦੇ ਹਨ। ਇਨ੍ਹਾਂ ਵਿਚਲੀ ਰੌਸ਼ਨੀ ਜ਼ਿੰਦਗੀ ,ਖੁਸ਼ਹਾਲੀ ,ਚੰਗਿਆਈ ,ਸ਼ੁਧਤਾ ,ਸੱਚ ,ਗਿਆਨ ਅਤੇ ਬੁੱਧੀ ਦੀ ਪ੍ਰਤੀਕ ਹੈ ਜੋ ਹਨ੍ਹੇਰੇ, ਉਦਾਸੀ, ਦੁਖ, ਅਗਿਆਨਤਾ ਨੂੰ ਦੂਰ ਕਰਦੀ ਹੈ। ਹੈ ਜੋ ਹਨ੍ਹੇਰੇ ਅਗਿਆਨਤਾ, ਦੁਖ, ਭੈਅ ਅਤੇ , ਉਦਾਸੀ ਨੂੰ ਦੂਰ ਕਰਦੀ ਹੈ। ਪੁਰਾਤਤਵ ਵਿਭਾਗ ਦੀਆਂਹਨ ਕਿ ਭਾਰਤ ਵਿਚ ਪੁਰਾਤਨ ਸਮਿਆਂ ਤੋਂ ਮਿੱਟੀ ਅਤੇ ਪੱਥਰ ਦੇ ਦੀਵੇ ਬਣਾਏ ,( ਸੂਤਲੀ ਦਾ ਨਿੱਕਾ ਜਿਹਾ ਦੀਵਾ)ਜਾਂਦੇ ਰਹੇ ਹਨ। ਮਗਰੋਂ ਧਾਤਾਂ ਦੇ ਬਣਨੇ ਸ਼ੁਰੂ ਹੋਏ। ਦੀਵਿਆਂ ਦੀਆਂ ਕਿਸਮਾਂ ਵਿਚ ਨਿਰੰਜਣਾ ਸਮਾਇ ,(ਕਈ ਬੱਤੀਆਂ ਬਾਲਣ ਲਈ ਖੜਵਾਂ ਦੀਵਾ)ਲਮਨਦੀਪਾ , ਸਮਾਇ ਵਰਗਾ ਪਰ ਟੰਗਿਆ ਜ)ਣ(ਪੰਚਾਰਤੀ ਪੰਜ ਬੱਤੀਆਂ) ,(ਅਤੇ ਇਕ ਹੈਂਡਲ ਵਾਲਾਦੀਪਲਕਸ਼ਮੀ ,(ਦੇਵੀ ਦੇ ਹੱਥ ਵਿਚ ਫੜਿਆ ਦੀਵਾ )ਦੀਪਮਾਲਾ ਥੰਮ ਵਿਚ ਬਣੇ ਆਲਿਆਂ ਵਿਚ) ,(ਦੀਵਿਆਂ ਦੀ ਕਤਾਰਦੀਪਵਰਿਕਸ਼ਾ ਭਾਵ ਦੀਵਿਆਂ ਦਾ ਰੁਖ, ਹਰ ਟਾਹਣੀ ਤੇ ਦੀਵੇ ਟੰਗਣ ਲਈ)ਜਗਾ ਹੁੰਦੀ ਹੈ ।ਆਉਂਦੇ ਹਨ ( , ਪੰਜਾਬ ਦੇ ਲੋਕ ਹਰ ਵੀਰਵਾਰ ਕਿਸੇ ਨੇੜਲੀ ਮਜ਼ਾਰ ਤੇ ਚਿਰਾਗ ਵੀ ਜਲਾ ਆਉਂਦੇ ਹਨ। ਪਾਣੀ ਦੇ ਸਰੋਤ ਜਿਵੇਂ ਖੂਹ, ਨਲਕਾ ਨਹਿਰ 'ਤੇ ਵੀ ਦੀਵਾ/ਚਿਰਾਗ ਬਾਲਿਆ ਜਾਂਦਾ ਹੈ। ਚਿਰਾਗ ਆਟੇ ਤੋਂ ਬਣਿਆ ਹੁੰਦਾ ਹੈ ਜਿਸ ਵਿਚ ਘਿਓ ਜਾਂ ਤੇਲ ਪਾਇਆ ਜਾਂਦਾ ਹੈ। ਇਸੇ ਲਈ ਮੁਹਾਵਰਾ ਵੀ ਹੈ ਘਿਓ ਦੇ ਦੀਵੇਬਾਲਣਾ ਭਾਵ ਖੁਸ਼ੀ ਮਨਾਉਣੀ। ਭਾਰਤ ਵਿਚ ਖੁਸ਼ੀ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਦੀਵਾਲੀ ਤਾਂ ਹੈ ਹੀ ਦੀਵਿਆਂ ਦਾ ਤਿਉਹਾਰ। ਘਰ ਵਿਚ ਜਗਾਇਆ ਜਾਂਦਾ ਦੀਵਾ ਘਰ ਦੀ ਖੁਸ਼ਹਾਲੀ ਅਤੇ ਸਿਹਤਮੰਦ ਚੌਗਿਰਦੇ ਦਾ ਪ੍ਰਤੀਕ ਹੈ। ਮੁਸ਼ਾਇਰਿਆਂ ਦੀ ਨਿਰੰਤਰਤਾ ਲਈ ਅਤੇ ਸਮਾਗਮਾਂ ਦੇ ਸ਼ੁਭਾਰੰਭ ਲਈ ਸ਼ਮਾ ਰੌਸ਼ਨ ਕੀਤੀ ਜਾਂਦੀ ਹੈ। ਭਾਰਤ ਦੇ ਕੁਝ ਪਰੰਪਰਕ ਨਾਚ ਹੁੰਦੇ ਹੀ ਖਾਸ ਕਿਸਮ ਦੇ ਦੀਪਮ ਅੱਗੇ ਹਨ। ਧਰਮ ਦੇ ਖੇਤਰ ਵਿਚ ਜਗਦੀਆਂ ਜੋਤਾਂ ਵਾਲੀ(ਜਿਵੇਂ ਕੱਥਾਕਲੀ) ਮਾਤਾ, ਅਖੰਡ ਦੀਪ, ਅਖੰਡ ਜਯੋਤੀ ਵਰਗੇ ਵਾਕਾਂਸ਼ ਵੀ ਰੌਸ਼ਨੀ ਦੀ ਮਹੱਤਾ ਵੱਲ ਇਸ਼ਾਰਾ ਕਰਦੇ ਹਨ ਜੋ ਸਦਾ ਜਗਦੀ ਰਹਿਣੀ ਚਾਹੀਦੀ ਹੈ। ਮਿੱਟੀ ,ਪੱਥਰ ,ਲੋਹੇ ,ਪਿੱਤਲ ਜਾਂ ਸਿਲਵਰ ਦੇ ਦੀਵੇ , ਸੂਤ ਦੀ ਵੱਟੀ ਬੱਤੀ ਘਿਓ ਜਾਂ ਤੇਲ ਵਿਚ ਬਲਦੀਹੈ। ਪੰਜਾਬੀ ਜੀਵਨ ਜਾਚ ਵਿਚ ਦੀਵਾ-ਬੱਤੀ ਕਰਨੀ ਰੋਜ਼ਮਰਾ ਦੇ ਧਰਮ ਵਾਂਗ ਹੈ। ਦੀਵਾ ਬੁਝਾਉਣਾ ਨਹੀਂ ਬਲਕਿ ਵੱਡਾ ਕਰਨਾ ਆਖਦੇ ਹਨ। ਪੰਜਾਬੀ ਸੁਭਾਅ ਅਨੁਸਾਰ ਦੀਵਾ ਵੀ ਘਰ ਦੇ ਪਰਿਵਾਰਕ ਜੀਅ ਵਰਗਾ ਹੀ ਹੁੰਦਾ ਹੈ। ਜਿਸ ਨੂੰ ਬਾਲਣ ਅਤੇ ਵੱਡਾ ਕਰਨ ਵੇਲੇ ਕੁਝ ਗੀਤਮਈ ਸਤਰਾਂ ਵੀ ਜੋੜੀਆਂ ਹੋਈਆਂ ਹਨ ;

ਜਾ ਦੀਵਿਆ ਘਰ ਆਪਣੇ<br>
ਤੇਰੀ ਮਾਂ ਉਡੀਕੇ ਬਾਰ<br>
ਆਈਂ ਅਵੇਰੇ , ਜਾਈਂ ਸਵੇਰੇ<br>
ਸਭੇ ਸ਼ਗਨ ਵਿਚਾਰ

--

ਜਾ ਦੀਵਿਆ ਘਰ ਆਪਣੇ<br>
ਸੁਖ ਵਸਾਈਂ ਰਾਤ<br>
ਰਿਜ਼ਕ ਲਿਆਈਂ ਭਾਲ ਕੇ<br>
ਤੇਲ ਲਿਆਈਂ ਨਾਲ

ਇਉਂ ਦੀਵਾ ਅਤੇ ਰੌਸ਼ਨੀ ਉਨ੍ਹਾਂ ਲੋਕਾਂ ਦਾ ਪ੍ਰਤੀਕ ਹੈ ਜੋ ਆਪ ਬਲ ਕੇ ਦੂਜਿਆਂ ਦਾ ਮਾਰਗ ਦਰਸ਼ਨ ਕਰਦੇ ਹਨ ਭਾਵ ਰਾਹ ਦਸੇਰਾ ਬਣਦੇ ਹਨ। ਦਰੀਆਂ ਵਿਚ ਦੀਵਿਆਂ, ਲੈਂਪ, ਗੈਸ, ਬਲਬ, ਟਿਊਬ ਅਤੇ ਲੜੀਆਂ ਦੇ ਮੋਟਿਫ਼ ਮਿਲਦੇ ਹਨ। ਜਿਵੇਂ ਰੌਸ਼ਨੀ ਕਰਨ ਲਈ ਪ੍ਰਬੰਧ ਬਦਲਦੇ ਗਏ ਉਵੇਂ ਉਵੇਂ ਦਰੀਆਂ ਵਿਚ ਦੀਵਿਆਂ ਵਾਲੀ ਦਰੀ, ਗੈਸਾਂ ਵਾਲੀ ਦਰੀ , ਟਿਊਬਾਂ ਵਾਲੀ ਦਰੀ, ਲਾਈਟਾਂ ਦਾ ਜਾਲ ਵਰਗੇ ਨਮੂਨੇ ਸ਼ਾਮਿਲ ਹੁੰਦੇ ਗਏ । ਹਰ ਪੜਾਅ ਦਾ ਇਤਿਹਾਸ ਵੀ ਦਰਜ ਹੁੰਦਾ ਰਿਹਾ ।

8) **ਆਵਾਜਾਈ ਦੇ ਸਾਧਨ :** ਦਰੀਆਂ ਵਿਚ ਸਾਈਕਲ, ਕਾਰ, ਹਵਾਈ ਜਹਾਜ਼ , ਸਮੁੰਦਰੀ ਜਹਾਜ਼ ਦੇ ਮੋਟਿਫ਼ ਮਿਲਦੇ ਹਨ ਜੋ ਮਨੁੱਖ ਦੀ ਯਾਤਰਾ ਦੇ ਵਸੀਲਿਆਂ ਦਾ ਪ੍ਰਤੀਕ ਹਨ। ਜਿਵੇਂ ਜਿਵੇਂ ਸਮਾਜ ਵਿਚ ਅਤੇ ਤਕਨਾਲੋਜੀ ਦੇ ਵਿਕਾਸ ਦਾ ਅਸਰ ਦਿਸਦਾ ਹੈ ਉਸੇ ਤਰਾਂ ਉਹ ਦਰੀ ਦੇ

ਨਮੂਨਿਆਂ ਵਿਚ ਸ਼ਾਮਿਲ ਹੁੰਦਾ ਰਹਿੰਦਾ ਹੈ। ਉਦਾਹਰਨ ਵਜੋਂ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਦੇਖਣ ਲਈ ਅਸੀਂ ਦਰੀ ਦੇ ਨਮੂਨਿਆਂ ਵਿਚ ਸਾਈਕਲਾਂ ਵਾਲੀ ਦਰੀ, ਕਾਰਾਂ ਵਾਲੀ ਦਰੀ, ਜਹਾਜਾਂ ਵਾਲੀ ਦਰੀ ਦੇਖ ਸਕਦੇ ਹਾਂ। ਚੰਗੇ ਲੋਕ ਯਾਤਰਾ ਤੇ ਰਹਿਣ। ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਇੱਕ ਸਾਖੀ ਵੀ ਹੈ ਜਿਸ ਵਿਚ ਉਹ ਚੰਗੇ ਪਿੰਡ ਵਾਲੇ ਲੋਕਾਂ ਨੂੰ ਆਖਦੇ ਹਨ ' ਉੱਜੜ ਜਾਓ'

9) **ਗੀਤ-ਸੰਗੀਤ ਆਧਾਰਿਤ :** ਪਾਲੀ ਪਾਣੀ ਖੂਹ ਤੋਂ ਭਰੇ, ਨੀ ਇੱਕ ਫੁੱਲ ਤੋੜ ਲੈਣ ਦੇ, ਅੰਬ ਦੇ ਬੂਟੇ ਨੂੰ ਪਾ ਦੇ ਭਾਬੀਏ ਪਾਣੀ, ਭੁੱਲ ਕੇ ਬਾਗ ਵਿਚ ਆ ਗਈ ਇੱਕ ਫੁੱਲ ਤੋੜ ਲੈਣ ਦੇ, ਕਿੱਕਰ 'ਤੇ ਕਾਟੋ ਰਹਿੰਦੀ, ਹਰਿਆ ਵੇ ਤੋਤਾ ਮਨ ਭਰਿਆ ਵੇ ਤੋਤਿਆ ਤੈਨੂੰ ਆਖ ਰਹੀ ਤੈਨੂੰ ਵਰਜ ਰਹੀ ਰਾਜੇ ਦੇ ਬਾਗ ਨਾ ਜਾਈਂ ਵਰਗੇ ਨਮੂਨੇ ਵਾਲੀਆਂ ਦਰੀਆਂ ਬੁਣੀਆਂ ਹੋਈਆਂ ਮਿਲੀਆਂ ਹਨ। ਜਿਨ੍ਹਾਂ ਦਾ ਜ਼ਿਕਰ ਅੱਗੇ ਮਨੁੱਖੀ ਆਕਾਰ ਦੇ ਮੋਟਿਫਾਂ ਦੇ ਵਰਗ ਵਿਚ ਕੀਤਾ ਜਾਵੇਗਾ।

10) **ਮਿਥਿਹਾਸ ਅਤੇ ਕਿੱਸੇ ਕਥਾਵਾਂ : ਤੋਤਾ,** ਤੋਤਾ-ਤੋਤੀ / ਤੋਤਾ- ਮੈਨਾ ਸਾਡੀਆਂ ਮਿਥਿਹਾਸਕ ਕਥਾਵਾਂ ਦੇ ਪਾਤਰ ਹਨ ਜੋ ਪ੍ਰੇਮੀ ਪੰਛੀ ਹਨ ਅਤੇ ਪ੍ਰੇਮੀ ਜੋੜਿਆਂ ਦਾ ਪ੍ਰਤੀਕ ਹਨ। ਸਾਹਿਬਾ-ਮਿਰਜ਼ਾ ਦੀ ਦਰੀ ਔਰਤ ਦੇ ਦਵੰਦ ਨੂੰ ਮੁੜ ਲੋਕ-ਕਚਹਿਰੀ ਵਿਚ ਪੇਸ਼ ਕਰਦੀ ਹੈ ਅਤੇ ਔਰਤ ਦੀ ਉਸ ਸਥਿਤੀ ਦਾ ਪੱਖ ਲੈਂਦਿਆਂ ਨਮੂਨੇ ਵਿਚ ਸਾਹਿਬਾਂ ਦਾ ਨਾਮ ਵੀ ਪਹਿਲਾਂ ਲਿਖਦੀ ਹੈ ਜਦਕਿ ਕਿੱਸਿਆਂ ਵਿਚ ਮਿਰਜ਼ੇ ਦਾ ਨਾਮ ਪਹਿਲਾਂ ਲਿਖਿਆ ਜਾਂਦਾ ਹੈ। 'ਪਰੀ ਬਾਗ ਵਿਚ ਖੜੀ' ਇੱਕ ਹੋਰ ਨਮੂਨਾ ਹੈ ਜਿਸ ਵਿਚ ਪਰੀ ਨੂੰ ਬਾਗ ਵਿਚ ਖੜ੍ਹੇ ਦਿਖਾਇਆ ਹੈ ਅਤੇ ਨਮੂਨੇ ਦਾ ਨਾਂ ਵੀ ਬੁਣਿਆ ਗਿਆ ਹੈ। ਪਰੀ ਸੁਹੱਪਣ ਦਾ ਪ੍ਰਤੀਕ ਹੈ ਜੋ ਕਿਸੇ ਦੂਜੇ ਦੇਸ਼ ਵਿਚ ਰਹਿੰਦੀ ਹੈ ਪੰਜਾਬੀ ਨਾਇਕ ਸਦਾ ਇਸ ਦੀ ਤਲਾਸ਼ ਵਿਚ ਰਹਿੰਦੇ ਹਨ। ਇੱਕ ਹੋਰ ਨਮੂਨੇ 'ਖੂਹ ਵਾਲੀ ਪੀਤੋ' ਦਾ ਜ਼ਿਕਰ ਅੱਗੇ ਕੀਤਾ ਜਾਵੇਗਾ।

11) **ਪਰੰਪਰਕ ਕਸੀਦਾਕਾਰੀ ਆਧਾਰਿਤ** : ਦਰੀਆਂ ਵਿਚ ਬਹੁਤ ਨਮੂਨੇ ਚੋਪ, ਫੁਲਕਾਰੀਆਂ, ਬਾਗ ਦੇ ਨਮੂਨੇ ਵਰਗੇ ਵੀ ਮਿਲੇ। ਇਹ ਕਲਾਵਾਂ ਦੇ ਆਪਸੀ ਅਦਾਨ-ਪ੍ਰਦਾਨ ਅਤੇ ਅੰਤਰ-ਨਿਰਭਰਤਾ ਦੇ ਪ੍ਰਤੀਕ ਹਨ।

12) **ਭੂਗੋਲ / ਇਤਿਹਾਸ :** ਤਾਜਮਹਲ, ਭਾਰਤ ਦਾ ਨਕਸ਼ਾ, ਥਰਮਲਾਂ ਦੀ ਦਰੀ

    I. ਭਾਰਤ ਦਾ ਨਕਸ਼ਾ : ਬੁਣਕਰ ਦੀ ਮਹੀਨ ਕਲਾ ਦਾ ਪ੍ਰਤੀਕ ਹੈ। ਨਕਸ਼ੇ ਵਿਚ ਸਾਗਰਾਂ ਦੇ , ਰਾਜਾਂ ਦੇ ਨਾਂ ਵੀ ਬੁਣੇ ਗਏ ਹਨ। ਕਲਾਕਾਰ ਕਿੰਨੇ ਗੁੰਝਲਦਾਰ ਅਤੇ ਮਾਪ-ਖੇਤਰ ਵਾਲੇ ਨਕਸ਼ੇ ਨੂੰ ਵੀ ਉਹ ਬੁਣਾਈ ਵਿਚ ਲੈ ਆਉਂਦਾ ਹੈ। ਹਰ ਰਾਜ ਦਾ ਨਾਂ ਵੀ ਲਿਖਦਾ ਹੈ ਅਤੇ ਹਰ ਰਾਜ ਨੂੰ ਅੱਡੋ-ਅੱਡੀ ਰੰਗਾਂ ਵਿਚ ਵਿਉਂਤਦਾ ਹੈ। ਦਰੀ ਦੇ ਕੈਨਵਸ ਉਤੇ ਅਜਿਹੇ ਗੁੰਝਲਦਾਰ ਮੋਟਿਫ਼ ਸਿਰਜਣੇ ਵਾਕਈ ਸਲਾਮੀ ਦੇ ਹੱਕਦਾਰ ਹਨ। ਇਹ ਨਮੂਨਾ ਇਸ ਗੱਲ ਦਾ ਸਿੰਬਲ ਵੀ ਹੈ ਕਿ ਸਰਲ ਅਤੇ ਘਰੇਲੂ ਸੰਦ-ਸਮੱਗਰੀ ਨਾਲ ਵੱਡੇ ਤੋਂ ਵੱਡੇ ਕਲਾ-ਨਮੂਨੇ ਸਿਰਜੇ ਜਾ ਸਕਦੇ ਹਨ।
    II. ਤਾਜਮਹੱਲ : ਸਦੀਆਂ ਤੋਂ ਸਦੀਵੀ ਪ੍ਰੇਮ ਦਾ ਪ੍ਰਤੀਕ ਹੈ। ਪ੍ਰੇਮ ਜੋ ਖੂਬਸੂਰਤ ਹੈ ਅਤੇ ਚਿਰਸਥਾਈ ਹੈ। ਦਰੀ ਦੇ ਇਸ ਮੋਟਿਫ਼ ਨੂੰ ਗੂੜੇ ਨੀਲੇ ਅਤੇ ਚਿੱਟੇ ਰੰਗ ਨਾਲ ਵਿਉਂਤਿਆ ਗਿਆ ਹੈ।

13) **ਲੋਕ-ਖੇਡਾਂ** : ਇਸ ਖੇਤਰ ਨਾਲ ਸੰਬੰਧਿਤ ਜੋ ਦਰੀਆਂ ਮਿਲੀਆਂ ਉਨ੍ਹਾਂ ਵਿਚ ਸ਼ਤਰੰਜ, ਪਤੰਗ, ਪਾਸੇ ਦੀ ਖੇਡ ਦੇ ਮੋਟਿਫ਼ ਸ਼ਾਮਿਲ ਹਨ। ਸ਼ਤਰੰਜ ਦਾ ਜ਼ਿਕਰ ਮਹਾਂਭਾਰਤ ਨਾਲ ਜਾ ਜੁੜਦਾ ਹੈ। ਇੱਕ ਅਜਿਹੀ ਖੇਡ ਜਿਥੇ ਪਾਂਡਵ ਰਾਜ-ਭਾਗ ਮਨੁੱਖੀ ਰਿਸ਼ਤੇ ਵੀ ਹਾਰ ਜਾਂਦੇ ਹਨ। ਸ਼ਕੁਨੀ ਸ਼ਤਰੰਜ ਦਾ ਪ੍ਰਤੀਕ ਹੈ ਜੋ ਚਾਲ ਚੱਲਣ ਵਿਵ ਮਾਹਿਰ ਹੈ ਅਤੇ ਮੱਕਾਰ ਵੀ। ਇਸੇ ਲਈ ਸ਼ਤਰੰਜ ਚੁਸਤੀ, ਚਲਾਕੀ ਚਾਲਬਾਜ਼ੀ ਅਤੇ ਮੱਕਾਰੀ ਦੇ ਪਰਤੀਕ ਵਿਚ ਉਭਰਦੀ ਹੈ ਜਿਥੇ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ । ਪਤੰਗ ਦੀ ਗੱਲ ਡੋਰ ਬਿਨਾਂ ਅਧੂਰੀ ਹੈ। ਸੋ ਪਤੰਗ ਇੱਕ ਸੀਮਾ ਵਿਚ ਰਹਿ ਕੇ ਜ਼ਿੰਦਗੀ ਦੀ ਖੁੱਲ੍ਹ ਨੂੰ ਮਾਨਣ ਦਾ ਪ੍ਰਤੀਕ ਹੈ।

14) **ਮਨੁੱਖੀ ਆਕਾਰ /** HUMAN FIGURES: ਕਾਕਾ , ਪੀਤੋ , ਪਾਲੀ , ਸਾਹਿਬਾ ਮਿਰਜ਼ਾਂ , ਸਾਈਕਲ ਚਲਾਉਂਦੀ ਕੁੜੀ, ਪਰੀ, ਕਿੱਕਰ ਤੇ ਕਾਟੋ, ਪਾਰਕ ਵਿਚ ਗੁੱਡੀ ਅਨੇਕਾਂ ਅਜਿਹੇ ਮੋਟਿਫ਼ ਹਨ ਜੋ ਦਰੀਆਂ ਵਿਚ ਮਿਲੇ। ਇਹ ਸ਼ਕਲਾਂ ਇਹ ਆਕਾਰ ਭਾਵੇਂ ਅਤਿ ਸਧਾਰਨ ਹਨ ਪਰ ਬੁਣਕਰ ਵੱਲੋਂ ਉਨ੍ਹਾਂ ਨਾਂ ਦਿੱਤੇ ਗਏ ਹਨ। ਪ੍ਰਤੀਕ ਦੇ ਪੱਧਰ 'ਤੇ ਇਹ ਪਾਤਰਾਂ ਦੇ ਮੋਟਿਫ਼ ਸਮਾਜ ਵਿਚ ਮਨੁੱਖੀ ਸੰਬੰਧਾਂ ਦੀ ਪੈਰਵਾਈ ਕਰਦੇ ਹਨ। ਪੰਜਾਬੀ ਮਨੁੱਖ ਸਦਾ ਹੀ ਇਸ ਧਰਤੀ ਉੱਤੇ ਆਪਣੇ ਹੋਣ ਦੇ ਜਸ਼ਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਕਰਦਾ ਆਇਆ ਹੈ। ਕਦੇ ਬੱਚੇ ਦੇ ਰੂਪ ਚ ਕਦੇ ਆਸ਼ਕ ਦੇ ਰੂਪ ਚ ਕਦੇ ਜਾਨਵਰਾਂ ਦੇ ਸਾਧਕ ਦੇ ਰੂਪ ਵਿਚ । ਸਾਹਿਬਾ ਮਿਰਜ਼ਾ ਕਾਕੇ ਪੀਤੋ ਸਾਈਕਲ ਚਲਾਉਂਦੀ ਕੁੜੀ ਪਾਣੀ ਪਾਲੀ ਖੂਹ ਤੋਂ ਭਰੇ

1) **ਬੱਚਾ / ਕਾਕਾ** : ਦਰੀਆਂ ਵਿਚ ਕਿਤੇ ਕਿਤੇ ਛਣਕਣੇ ਨਾਲ ਖੇਡਦੇ ਬੱਚਿਆਂ ਦੇ ਮੋਟਿਫ਼ ਹਨ। ਨਿਰਸੰਦੇਹ ਇੱਕ ਔਰਤ ਦੀ ਬੱਚਿਆਂ ਪ੍ਰਤਿ ਮਮਤਾ ਅਤੇ ਚਾਹ ਦਾ ਪ੍ਰਤੀਕ ਹਨ।

2) **ਪੀਤੋ** : ਦਰੀਆਂ ਵਿਚ ਇੱਕ ਨਮੂਨਾ ਖੂਹ ਵਾਲੀ ਪੀਤੋ ਦਾ ਮਿਲਿਆ। ਪੀਤੋ ਇੱਕ ਵੱਡੇ ਘਰ ਦੀ ਵੱਡੀ ਨੂੰਹ ਹੈ ਜੋ ਆਪਣੇ ਪੇਕੇ ਗਈ ਹੋਈ ਸੀ। ਉਸ ਦੇ ਸਹੁਰੇ ਨੇ ਪਿੰਡ ਲਈ ਖੂਹ ਲਵਾਉਣਾ ਸੀ ਪਰ ਚੱਕ ਸਹੀ ਨਾ ਉਤਰੇ। ਪਾਂਧੇ ਨੇ ਪੁੱਛਿਆ ਕਿ ਕੀ ਕਰੀਏ ? ਉਸ ਹਿਸਾਬ-ਕਿਤਾਬ ਲਾ ਦੱਸਿਆ ਕਿ ਖੂਹ ਬਲੀ ਮੰਗਦਾ ਹੈ। ਓਹ ਬਲੀ ਕਿਸੇ ਚੰਗੇ ਘਰ ਦੀ ਵੱਡੀ ਨੂੰਹ ਦੀ ਹੀ ਹੋ ਸਕਦੀ ਹੈ। ਪੀਤੋ ਨੂੰ ਆਉਣ ਦਾ ਸੁਨੇਹਾ ਦੇ ਦਿੱਤਾ ਗਿਆ। ਰਸਤੇ ਵਿਚ ਹੀ ਖੂਹ ਉੱਤੇ ਉਸ ਦੀ ਬਲੀ ਦੇ ਦਿੱਤੀ ਗਈ। ਪੰਜਾਬੀ ਔਰਤ ਦੇ ਮਨ ਉੱਤੇ ਇਹ ਅਜਿਹੀ ਉਕਰੀ ਗਈ ਕਿ ਦਰਦ ਬਣ ਨਮੂਨੇ ਚ ਵਹਿ ਤੁਰੀ। ਜ਼ਰੂਰ ਇਹ ਕਹਾਣੀ ਕਿਸੇ ਵੱਡੀ ਨੂੰਹ ਨੇ ਆਪਣੇ ਕਿਸੇ ਦਰਦ 'ਚੋਂ ਘੜੀ ਹੋਵੇਗੀ ਜੋ ਪਿੰਡ ਦੀ ਭਲਾਈ ਲਈ, ਪਾਣੀ ਦੇ ਸੋਮੇ ਲਈ ਆਪਣੇ ਆਪ ਦਾ ਤਿਆਗ ਵੀ ਕਰ ਸਕਦੀ ਹੈ। ਅਜਿਹੇ ਹੋਰ ਅਨੇਕਾਂ ਮੋਟਿਫ਼ ਹੋਣਗੇ ਔਰਤ ਮਨ ਦੇ ਦਰਦ ਦਾ ਪ੍ਰਤੀਕ ਬਣੇ ਹੋਣਗੇ। ਕੁਝ ਦੀ ਕਹਾਣੀ ਮੂੰਹੋਂ ਮੂੰਹ ਸਾਡੇ ਤੱਕ ਪਹੁੰਚੀ ਹੈ ਕੁਝ ਸਦੀਆਂ ਦੇ ਫ਼ਾਸਲੇ ਵਿਚ ਗੁਆਚ ਗਈਆਂ ਹੋਣਗੀਆਂ।

3) **ਪਾਲੀ**: 1960 ਮਗਰੋਂ ਇੱਕ ਪੰਜਾਬੀ ਗੀਤ ਦਾ ਰਿਕਾਰਡ ਬਹੁਤ ਚੱਲਿਆ ਸੀ 'ਪਾਲੀ ਪਾਣੀ ਖੂਹ ਤੋਂ ਭਰੇ – ਹੋ ਹੋ- ਹੋ ਹੋ' ਇਸ ਬਾਰੇ ਬਠਿੰਡੇ ਤੋਂ ਸਾਡੀ ਸਰੋਤ ਨੇ ਬਹੁਤ ਭਾਵੁਕ ਹੋ ਕੇ ਦੱਸਿਆ ਕਿ ਗੀਤ ਦੇ ਬੋਲ ਦਿਲ ਨੂੰ ਲਗਦੇ ਸਨ, ਜਿਵੇਂ ਕੋਈ ਮੇਰੀ ਗੱਲ ਕਰ ਰਿਹਾ ਹੋਵੇ, ਗਾਇਕ ਦਾ ਹੋ ਹੋ–ਹੋ ਹੋ ਕਹਿਣ ਦਾ ਅੰਦਾਜ਼ ਏਨਾ ਕਮਾਲ ਸੀ ਕਿ ਮੈਂ ਪਾਲੀ ਵੀ ਦਰੀ ਚ ਪਾਈ ਤੇ ਗੀਤ ਦੇ ਬੋਲ ਵੀ ਲਿਖ ਦਿੱਤੇ ਤੇ ਹੋ ਹੋ- ਹੋ ਹੋ ਵੀ ਲਿਖਿਆ। ਖੁਸ਼ੀ ਹਦੇ ਚਿਹਰੇ ਤੋਂ ਡੁੱਲ੍ਹ ਡੁੱਲ੍ਹ ਪੈਂਦੀ ਸੀ। ਪਾਲੀ (ਇੱਕ ਕੁੜੀ) ਜੋ ਸਭਨਾਂ ਕੰਮਕਾਜੀ ਧੀਆਂ ਦੀ ਪ੍ਰਤਿਨਿਧ ਹੈ ਦਾ ਮੋਟਿਫ਼ ਕਈ ਦਰੀਆਂ ਵਿਚ ਮਿਲਿਆ। ਅਸਲ ਵਿਚ ੧੯੬੦ ਮਗਰੋਂ ਗੁਰਪਾਲ ਪਾਲੀ ਦਾ ਤੂੰਬੀ ਨਾਲ ਗਾਇਆ ਇੱਕ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ' ਬਹੁਤ ਪ੍ਰਚਲਿਤ ਹੋਇਆ। ਪੰਜਾਬ ਦੀ ਹਰ ਧੀ ਨੂੰ ਇਹ ਆਪਣੀ ਗੌਰਵ-ਕਥਾ ਕਹਿੰਦਾ ਲੱਗਿਆ। ਮਾਹਿਰ ਬੁਣਕਰਾਂ ਨੇ ਇਸ ਥੀਮ ਨੂੰ ਦਰੀ ਦੇ ਕੈਨਵਸ ਤੇ ਵੀ ਵਿਉਂਤ ਲਿਆ। ਮੋਟਿਫ਼ ਘੜਾ ਚੁੱਕੀ ਔਰਤ ਦਾ ਹੈ ਜੋ ਗੀਤ ਦਾ ਸੰਕੇਤਕ ਹੈ। ਕਈਆਂ ਨੇ ਤਾਂ ਬੋਲ ਦੇ ਗੀਤ ਵੀ ਵਿਚ ਬੁਣ ਲਏ। ਕੁੱਲ ਮਿਲਾ ਕੇ ਪਾਣੀ ਭਰਦੀ ਇਹ ਪਾਲੀ ਉਹ ਸਭ ਜਵਾਨ ਜਹਾਨ ਧੀਆਂ-ਰਕਾਨਾਂ ਦੀ ਪ੍ਰਤੀਕ ਬਣ ਗਈ ਜੋ ਨਿਤ ਦੇ ਕਾਰ-ਵਿਹਾਰ ਨੂੰ ਹੱਸਦੇ-ਖੇਡਦੇ ਨਬੇੜ ਲੈਂਦੀ ਹੈ। ਇਸ ਗੀਤ ਨਾਲ ਸੰਵਾਦ ਰਚਾਉਂਦਾ ਇਹ ਪਾਣੀ ਭਰਦੀ ਕੁੜੀ ਦਾ ਮੋਟਿਫ਼ ਬਹੁਤ ਪ੍ਰਚਲਿਤ ਹੋਇਆ।

4) **ਸਾਹਿਬਾਂ ਮਿਰਜ਼ਾ** : ਮਨੁੱਖ ਨੇ ਆਪਣੇ ਜੀਵਨ ਸੰਘਰਸ਼ ਵਿਚੋਂ ਹਰੇਕ ਸਮਾਜਿਕ ਘਟਨਾ, ਵਰਤਾਰੇ ਬਾਰੇ ਇੱਕ ਦ੍ਰਿਸ਼ਟੀਕੋਣ ਪ੍ਰਾਪਤ ਕੀਤਾ ਹੁੰਦਾ ਹੈ। ਜਿਸ ਅਨੁਸਾਰ ਉਹ ਹਰੇਕ ਪੱਖ, ਰੂਪ ਨੂੰ ਸਮਝਦਾ ਅਤੇ ਪ੍ਰਵਾਨ ਕਰਦਾ ਹੈ। ਉਹ ਸਾਹਿਬਾਂ ਦੀ ਪੀੜ ਜਾਣਦੀਆਂ ਸਨ ਜੋ ਭਰਾਵਾਂ ਅਤੇ ਪ੍ਰੇਮੀ ਦੇ ਪ੍ਰੇਮ ਦੇ ਦਵੰਦ ਵਿਚ ਫਸ ਕੇ ਮੋਈ ਸੀ। ਪੰਜਾਬੀ ਦਾ ਸਾਹਿਤ ਇਸ ਪ੍ਰੇਮੀ ਜੋੜੇ ਨੂੰ ਮਿਰਜ਼ਾ-ਸਾਹਿਬਾਂ ਕਰਕੇ ਚਿਤਰਦਾ ਹੈ ਜਦਕਿ ਬਾਕੀ ਸਾਰੀਆਂ ਪ੍ਰੇਮ ਕਥਾਵਾਂ ਵਿਚ ਪ੍ਰੇਮਿਕਾ ਦਾ ਨਾਂ ਪਹਿਲਾਂ ਆਉਂਦਾ ਹੈ ਜਿਵੇਂ ਹੀਰ-ਰਾਂਝਾ, ਸੱਸੀ ਪੁੰਨੂ ਆਦਿ। ਪਰ ਦਰੀਆਂ ਦੇ ਨਮੂਨੇ ਵਿਚ ਸਾਹਿਬਾਂ-ਮਿਰਜ਼ਾ ਲਿਖਿਆ ਮਿਲਦਾ ਹੈ। ਇਹ ਔਰਤ ਦੀ ਆਪਣੀ ਕਿਸਮ ਦੀ ਲੋਕ ਇਤਿਹਾਸਕਾਰੀ ਹੈ ਜਿਸ ਦੀ ਕਚਹਿਰੀ ਵਿਚ ਉਹ ਆਪਣਾ ਪੱਖ ਦਰਜ ਕਰਵਾਉਂਦੀਆਂ ਹਨ।

15) **ਅੱਖਰ / ਵਿੱਦਿਆ** : ਅੱਜਕੱਲ੍ਹ ਪੰਜਾਬ ਵਿਚ ਕੁੜੀਆਂ ਉੱਚ ਵਿੱਦਿਆ ਲੈ ਰਹੀਆਂ ਹਨ ਪਰ ਇਸਦੇ ਸਮਾਨਾਂਤਰ ਉਹ ਪਿੰਡ ਵੀ ਹਨ ਜਿਥੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਤੱਕ ਸਕੂਲ ਨਹੀਂ ਸਨ ਪਹੁੰਚੇ। ਮੁੰਡਿਆਂ ਨਾਲੋਂ ਕੁੜੀਆਂ ਨੂੰ ਸਕੂਲ ਭੇਜਣ ਲਈ ਦੇਰ ਤੱਕ ਸੰਕੋਚ ਹੀ ਕੀਤਾ ਜਾਂਦਾ ਰਿਹਾ। ਜੇ ਭੇਜਿਆ ਵੀ ਗਿਆ ਤਾਂ ਉਸਦੀ ਵੀ ਇੱਕ ਸੀਮਾ ਹੀ ਹੁੰਦੀ। ਪਰ ਦਰੀਆਂ ਦੀ ਟੈਕਸਟ ਦੱਸਦੀ ਹੈ ਕਿ ਕੁੜੀਆਂ ਵਿਚ ਵਿੱਦਿਆ ਲਈ ਆਕਰਸ਼ਣ ਬਹੁਤ ਸੀ। ਦਰੀਆਂ ਦੇ ਅਨੇਕਾਂ ਨਮੂਨਿਆਂ ਵਿਚ ਪੰਜਾਬੀ ਅਤੇ ਰੋਮਨ ਅੱਖਰਾਂ ਨਾਲ ਲਿਖੇ ਸ਼ਬਦ ਮਿਲਦੇ ਹਨ ਕਈ ਵਾਰ ਪੂਰੇ ਪੂਰੇ ਵਾਕ ਵੀ। 'ਪਾਲੀ ਪਾਣੀ ਖੂਹ ਤੋਂ ਭਰੇ' ਗੀਤ ਆਧਾਰਿਤ ਦਰੀ ਵਿਚ ਪਹਿਲਾ ਵਾਕ ਅਤੇ ਮਗਰੋਂ 'ਹੋ-ਹੋ ਹੋ-ਹੋ ਹੋ-ਹੋ ਵੀ ਲਿਖਿਆ ਮਿਲਦਾ ਹੈ। ਮਿਰਜ਼ਾ ਸਾਹਿਬਾ ਦੀ ਦਰੀ ਵਿਚ ਪਾਤਰਾਂ ਦੇ ਨਾਂ ਸਾਹਿਬਾਂ ਮਿਰਜ਼ਾ ਲਿਖੇ ਹੋਏ ਹਨ। ਕੁਝ ਦਰੀਆਂ ਦੀਆਂ ਕੰਨੀਆਂ 'ਤੇ ਬੁਣਨ ਵਾਲੀਆਂ ਸਹੇਲੀਆਂ ਨੇ ਆਪਣੇ ਨਾਂ ਬੁਣ ਕੇ ਦਰਜ ਕੀਤੇ ਹਨ। ਰੋਮਨ ਵਿਚ ਲਿਖੇ ਸ਼ਬਦ ਜਿਵੇਂ Tray, Cup plate, welcome ਵੀ ਮਿਲਦੇ ਹਨ। ਭਾਵੇਂ ਕਿਤੇ-ਕਿਤੇ ਇਹਨਾਂ ਦੇ ਸ਼ਬਦ-ਜੋੜ ਜਾਂ ਅੱਖਰਾਂ ਦੀ ਬਣਤ ਠੀਕ ਨਹੀਂ ਪਰ ਕੋਸ਼ਿਸ਼ ਸਲਾਹੁਣਯੋਗ ਹੈ। ਬਿਨਾਂ ਸ਼ੱਕ ਦਰੀ ਵਿਚ ਅੱਖਰ ਬੁਣਨ ਦਾ ਕੰਮ ਕੋਈ ਮਾਹਿਰ , ਅੱਖਰਾਂ ਵਿਚ ਦਿਲਚਸਪੀ ਰੱਖਣ ਵਾਲੀ ਰਕਾਨ ਹੀ ਕਰ ਸਕਦੀ ਹੈ। ਇਹ ਕੁੜੀਆਂ ਦੀ ਨਵੀਨਤਾ ਅਤੇ ਵਿੱਦਿਆ ਪ੍ਰਤਿ ਆਕਰਸ਼ਣ ਦਾ ਖ਼ੂਬਸੂਰਤ ਸੰਕੇਤ ਵੀ ਹੈ। ਲਿਖਤ ਜਾਗਰੂਕਤਾ, ਸਦਾ ਚੇਤਿਆਂ ਚ ਰਹਿਣ ਦਾ ( ਸੁਰਜੀਤੋ ਨਾਲ ਮਿਲ ਕੇ ਬੁਣੀ), ਮੁੜ ਮਿਲਣ ਦੀ ਬੇਭਰੋਸਗੀ ਦਾ ਪ੍ਰਤੀਕ ਵੀ ਹੈ।

16) **ਆਪਣਾ ਦੇਸ ਤਲਾਸ਼ਦਾ ਚਿੜੀਆਂ ਦਾ ਚੰਬਾ** : ਦਰੀਆਂ ਬੁਣਦੀਆਂ ਇਹ ਭਰ ਜਵਾਨ ਕੁੜੀਆਂ ਦਾ ਸਹਿਚਾਰ ਅਤੇ ਸਹੇਲਪੁਣਾ ਦਰੀਆਂ ਦੇ ਅੱਡੇ ਤੇ ਪੁੱਗਦਾ ਅਤੇ ਪ੍ਰਵਾਨ ਚੜ੍ਹਦਾ। ਉਹ ਜਾਣਦੀਆਂ ਸਨ ਪਿਤਾ-ਪੁਰਖੀ ਇਸ ਸਮਾਜ ਵਿਚ ਉਨ੍ਹਾਂ ਇਹ ਘਰ ਛੱਡ ਪਤਾ ਨਹੀਂ ਕਿਸ ਦੇਸ ਤੁਰ ਜਾਣਾ ਹੈ। ਭਾਵੇਂ ਇਸ ਦੇਸ ਦੀ ਕਲਪਨਾ ਬਹੁਤ ਰੁਮਾਂਚਿਤ ਕਰਦੀ ਪਰ ਉਹ ਇਹ ਵੀ ਜਾਣਦੀਆਂ ਸਨ ਕਿ ਉਨ੍ਹਾਂ ਹਾਣਦੀਆਂ ਨੇ ਵਿਛੜਨ ਮਗਰੋਂ ਪਤਾ ਨਹੀਂ ਸਾਰੀ ਉਮਰ ਮਿਲਣਾ ਵੀ ਹੈ ਕਿ ਨਹੀਂ। ਸੱਚਮੁੱਚ ਆਵਾਜਾਈ ਦੇ ਸਾਧਨਾਂ ਦੀ ਘਾਟ ਅਤੇ ਹੋਰ ਸਮਾਜਿਕ ਕਾਰਨਾਂ ਕਰਕੇ ਕਈ ਵਾਰ ਸਹੇਲੀਆਂ ਬਿਨ ਮਿਲਿਆਂ ਹੀ ਮਰ-ਮੁੱਕ ਜਦੀਆਂ। ਸਹੇਲੀਆਂ ਨਾਲ ਸੰਜੋਈਆਂ ਜਾਂਦੀਆਂ ਯਾਦਾਂ ਨੂੰ ਉਹ ਹਰ ਹੀਲੇ ਦਿਲ ਵਿਚ ਸਾਂਭ ਲੈਣਾ ਚਾਹੁੰਦੀਆਂ ਸਨ। ਇਸੇ ਤੱਥ ਨੂੰ ਉਜਾਗਰ ਕਰਦੇ ਕੁਝ ਅਜਿਹੇ ਨਮੂਨੇ ਵੀ ਮਿਲੇ ਜਿਸ ਵਿਚ ਦਰੀਆਂ ਦੀਆਂ ਕੰਨੀਆਂ 'ਤੇ ਸਹੇਲੀਆਂ ਨੇ ਆਪਣੇ ਨਾਂ ਵੀ ਬੁਣੇ ਹੋਏ ਹਨ। ਸਾਰੀ ਉਮਰ ਯਾਦ ਵਾਂਗ ਸਾਂਭਣ ਲਈ। ਵਿੱਦਿਆ ਬਾਰੇ ਸ਼ਰਧਾ ਨਾਲ ਦੱਸਦਿਆਂ ਇਕ ਸਰੋਤ ਨੇ ਦੱਸਿਆ ਕਿ ਪਾਲੀ ਪਾਣੀ ਖੂਹ ਤੋਂ ਭਰੇ ਨਮੂਨੇ ਵਾਲੀ ਦਰੀ ਤਾਂ ਬੁਣੀ ਸੀ ਪਰ ਉਹਦੇ ਚ ਅੱਖਰ ਨਹੀਂ ਲਿਖੇ ਕਿਉਂਕਿ ਇਹ ਪੈਰਾਂ ਥੱਲੇ ਆਉਣੇ ਸੀ। ਸੋ ਦਰੀਆਂ ਵਿਚ ਬੁਣੇ ਅੱਖਰ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਵਿੱਦਿਆ ਪ੍ਰਤਿ ਜਗਿਆਸਾ ਅਤੇ ਸ਼ਰਧਾ ਦੇ ਪ੍ਰਤੀਕ ਹਨ।

17) **ਗ਼ੈਰਹਾਜ਼ਰ ਮੋਟਿਫ਼** : ਪੰਜਾਬੀ ਲੋਕਧਾਰਾ ਵਿਚ ਕਾਂ ਉਡੀਕ ਦਾ ਚਿੰਨ੍ਹ ਹੈ ਜੋ ਆਉਣ ਵਾਲੇ ਦਾ ਸੁਨੇਹਾ ਦਿੰਦਾ ਹੈ। ਪਰ ਕਿਉਂਕਿ ਦਰੀਆਂ ਵਿਚ ਕਾਲਾ ਰੰਗ ਨਹੀਂ ਪਾਇਆ ਜਾਂਦਾ ਸ਼ਾਇਦ ਇਸ ਲਈ ਪੂਰੇ ਖੇਤਰੀ ਕਾਰਜ ਦੌਰਾਨ ਸਾਨੂੰ ਇੱਕ ਵੀ ਨਮੂਨੇ ਵਿਚ ਕਾਂ ਨਹੀਂ ਮਿਲਿਆ। ਭੂਤ-ਚੁੜੇਲ ਜਿੰਨ-ਨਾਗ ਸਭ ਲੋਕ ਕਹਾਣੀਆਂ ਅਤੇ ਲੋਕ ਗੀਤਾਂ ਚ ਹਨ ਪਰ ਇਥੇ ਦਰੀਆਂ ਵਿਚ ਨਹੀਂ।

18) **ਧਰਮ-ਖੇਤਰ ਵਿਚੋਂ ਆਏ ਮੋਟਿਫ਼ : ਸਵਾਸਤਿਕ / ਕਰੌਸ** : ਸਵਾਸਤਿਕ ਦਾ ਚਿੰਨ੍ਹ ਕਾਦਰ ( ਬ੍ਰਹਮਾ)ਦੀ ਆਪਣੀ ਸਿਰਜਣਾ ਵਿਚ ਸ਼ਕਤੀ ਦੇ ਪਸਾਰੇ ਦਾ ਪ੍ਰਤੀਕ ਹੈ। ਵਿਸ਼ਵ ਦੀਆਂ ਚਾਰ ਦਿਸ਼ਾਵਾਂ ਦਾ ਪ੍ਰਤੀਕ ਹੈ। ਇਸ ਨੂੰ ਪੁਰੁਸ਼ਾਰਥ ਦੀਆਂ ਚਾਰ ਅਵਸਥਾਵਾਂ ਵਜੋਂ ਵੀ ਦੇਖਿਆ ਜਾਂਦਾ ਹੈ : ਧਰਮ (natural order) , ਅਰਥ ((wealth), ਕਾਮ (desire), ਅਤੇ ਮੋਕਸ਼ (liberation) ਤਿਥ-ਤਿਉਹਾਰਾਂ'ਤੇ ਮੰਗਲ ਕਲਿਆਣਕਾਰੀ ਭਾਵਨਾ ਦੇ ਨਾਲ ਸ਼ੁਭ ਸ਼ਗਨ ਜਾਂ ਸ਼ੁਭ ਆਰੰਭ 'ਤੇ ਇਹ ਨਿਸ਼ਾਨ ਕੰਧ ਚਿਤਰਾਂ ਵੀ ਚਿਤਰਿਆ ਜਾਂਦਾ ਹੈ। ਇਹ ਮੋਟਿਫ਼ ਮੰਗਲਕਾਮਨਾ ਦਾ ਪ੍ਰਤੀਕ ਹੈ। ਕਰੌਸ ਅਤੇ ਮੰਦਿਰ ਦੇ ਗੁਬੰਦ ਨੁਮਾ ਮੋਟਿਫ਼ ਵੀ ਦਰੀਆਂ ਦਾ ਸ਼ਿੰਗਾਰ ਬਣੇ ਹਨ ਜੋ ਧਰਮ ਵਿਚ ਮਨੁੱਖੀ ਆਸਥਾ ਦਾ ਪ੍ਰਤੀਕ ਹਨ।

19) **ਕਮਲੀ / ਮਜਨੂੰਆਂ** ਦੀ ਦਰੀ ਨੇ ਸਾਨੂੰ ਅਸਲੋਂ ਹੈਰਾਨ ਕੀਤਾ। ਕਿਵੇਂ ਪੰਜਾਬਣ ਸੁਆਣੀ ਨੇ ਉਹਨਾਂ ਇਸ਼ਕ ਦੇ ਝੱਲੇ ਹੋਏ ਪਾਤਰਾਂ ਨੂੰ ਵੀ ਨੁਮਾਇੰਦਗੀ ਦਿੱਤੀ ਹੈ ਜੋ ਸਮਾਜ ਤੋਂ ਬੇਲਾਗ ਹੋ ਗਏ ਹਨ ਅਤੇ ਆਪਣੇ ਝੱਲ ਵਿਚ ਜਿਉਂਦੇ ਹੀ ਖੁਸ਼ ਹਨ। ਇਹ ਕਮਲੀ ਅਤੇ ਮਜਨੂੰ ਇਸ ਗੱਲ ਦੇ ਪ੍ਰਤੀਕ ਹਨ ਕਿ ਇਹ ਸਮਾਜ ਸਾਰਿਆਂ ਲਈ ਸੁਖਾਵਾਂ ਨਹੀਂ।

20) **ਦਰੀ ਨਾਲ ਸੰਬੰਧਿਤ ਕੁਝ ਹੋਰ ਪ੍ਰਤੀਕ** : ਦਰੀ ਨਾਲ ਸੰਬੰਧਿਤ ਕੁਝ ਹੋਰ ਵਸਤਾਂ-ਵਰਤਾਰੇ ਵੀ ਪ੍ਰਤੀਕ-ਜਗਤ ਵਿਚ ਧਿਆਨ ਆਕਰਸ਼ਿਤ ਕਰਦੇ ਹਨ ਜਿਵੇਂ ਚਰਖਾ, ਅੱਡਾ , ਤਾਣਾ-ਪੇਟਾ, ਜਾਲੀਆਂ ਆਦਿ। ਜਾਲੀਆਂ, ਇਸ ਗੱਲ ਦਾ ਪ੍ਰਤੀਕ ਹਨ ਕਿ ਕੰਮ ਮੁਕੰਮਲ ਹੋਣ ਮਗਰੋਂ ਵੀ ਨਿਗਾਹਬੀਨੀ ਅਤੇ ਸਹੇਜ ਕੇ ਰਖਣ ਦੀ ਲੋੜ ਦੀ ਲੋੜ ਹੁੰਦੀ ਹੈ ਤਾਂ ਜੋ ਇਹ ਵਧੇਰੇ ਹੰਢਣਸਾਰ ਰਹੇ। ਤਾਣਾ-ਪੇਟਾ ਸਮਾਜ ਅਤੇ ਮਨੁੱਖੀ ਰਿਸ਼ਤਿਆਂ ਦੇ ਤਾਣੇ-ਬਾਣੇ ਦਾ ਪ੍ਰਤੀਕ ਹੈ। ਚਰਖਾ ਮਨੁੱਖ ਦਾ ਪ੍ਰਤੀਕ ਹੈ ਜਿਸ ਨੇ ਆਪਣੀ ਕਰਮਭੂਮੀ ਵਿਚ ਕਰਮਸ਼ੀਲ ਰਹਿਣਾ ਹੈ। ,

**ਦਰੀ ਆਪਣੇ-ਆਪ ਵਿਚ ਵੀ ਪ੍ਰਤੀਕ ਹੈ** : ਦਰੀ ਲਈ ਖੇਤਰੀ ਕਾਰਜ ਕਰਦਿਆਂ ਔਰਤਾਂ ਦੇ ਅਹਿਸਾਸਾਂ ਨੂੰ ਸਮਝਦਿਆਂ ਇਹ ਗੱਲ ਸਾਹਮਣੇ ਆਈ ਕਿ ਮਾੜੇ ਅਤੇ ਔਖੇ ਹਾਲਾਤ ਵਿਚ ਵੀ ਕਲਾ ਤੁਹਾਨੂੰ ਕਿਵੇਂ ਜਿਉਂਦਾ ਰਖਦੀ ਹੈ। ਦਰੀ ਆਪਣੇ ਆਪ ਵਿਚ ਪ੍ਰਤੀਕ ਹੈ ਔਰਤ ਦੇ ਸੁਹਜ ਅਤੇ ਸੰਘਰਸ਼ ਦੀ। ਕਲਾ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਨ ਦੀ। ਔਰਤ ਦੀ ਕਾਬਲੀਅਤ ਦੀ।

- ਜੇ ਤੂੰ ਫੁੱਲ ਗੁਲਾਬ ਦਾ, ਮੈਂ ਚੰਬੇ ਦੀ ਕਲੀ ਵੇ

  ਜੀਅ ਵੇ ਸੋਹਣਿਆ ਜੀ ਵੇ !

  ਜੇ ਤੂੰ ਪਲੰਗ ਨਵਾਰ ਦਾ, ਮੈਂ ਵੀ ਰੇਸ਼ਮ ਦੀ ਦਰੀ ਵੇ

- ਅੱਜ ਨੀ ਮੇਰੇ ਘਰ ਨਵੇਂ ਸਾਜਨ ਆਏ
  ਮੈਂ ਜੀ ਆਖਾਂ ਜੀ ਆਖਾਂ ਜੀ ਆਇਆਂ ਤੇ
  ਦਰੀਆਂ ਵਛਾਵਾਂ, ਗਲੀਚੇ ਵਛਾਵਾਂ
  ਮੈਂ ਕੋਰੇ ਵਛਾ ਦੇਵਾਂ ਜੀ ਆਇਆਂ ਤੇ

- ਦਰੀ ਬੁਣਦੀ ਨੂੰ ਤੇਰੀ ਯਾਦ ਆਈ
  ਵੇ ਛੁੱਟੀ ਲੈ ਕੇ ਆ ਜਾ ਫੌਜੀਆ
- ਦਰੀ ਉਤੇ ਪਾਉਨੀ ਆਂ ਮੈਂ ਮੋਰ ਘੁੱਗੀਆਂ
  ਰੋ ਕੇ ਤੈਨੂੰ ਯਾਦ ਕਰਾਂ ਅੱਖਾਂ ਸੁਜੀਆਂ
- ਜਿਹੜੇ ਦਰਵਾਜ਼ੇ ਬਹਿ ਅਸੀਂ ਬੁਣੀਆਂ ਦਰੀਆਂ
  ਕੱਠੀਆਂ ਹੋ ਬੈਠਦੀਆਂ ਸੀ ਜਿਥੇ ਪਰੀਆਂ
  ਅੱਜ ਉਸ ਦਰਵਾਜ਼ੇ ਦੀ ਸਾਨੂੰ ਯਾਦ ਸਤਾਵੇ
  ਬਾਪੂ ਦੇ ਵਿਹੜੇ ਤੋਂ ਬੁੱਲ੍ਹਾ ਸੁੱਖ ਦਾ ਆਵੇ
- ਦਰੀਆਂ ਤੇ ਪਾਵਾਂ ਘੁੱਗੀਆਂ ਮੋਰ
  ਮੇਰਾ ਕਿਹੜਾ ਹੋਰ, ਵੇ ਪਰਦੇਸੀਆ
  ਰੂੰ ਦਾ ਮੈਂ ਸੂਤ ਬਣਾਵਾਂ ਰੂਹ ਦੇ ਰੰਗ ਚ ਰੰਗਾਵਾਂ
  ਪੌਣਾਂ ਨੂੰ ਦਿਆਂ ਸੁਨੇਹੇ, ਦੱਸ ਕੇ ਤੇਰਾ ਸਿਰਨਾਵਾਂ
  ਵੇ ਪਰਦੇਸੀਆ
  ਦਰੀਆਂ ਤੇ ਪਾਵਾਂ ਘੁੱਗੀਆਂ ਤੇ ਮੋਰ
  ਵੇ ਪਰਦੇਸੀਆ !

ਇਉਂ 'ਦਰੀ' ਦਾ ਪਾਠ ਕਰਦਿਆਂ ਮੋਟਿਫਾਂ ਰਾਹੀਂ ਔਰਤ ਦੇ ਅਨੇਕਾਂ ਸਮਾਜਿਕ, ਸੱਭਿਆਚਾਰਕ, ਮਨੋਵਿਗਿਆਨਕ ਅਤੇ ਸੁਹਜਾਤਮਕ ਪਾਸਾਰ ਪ੍ਰਤੀਕਾਤਮਕ ਪੱਧਰ 'ਤੇ ਸਾਹਮਣੇ ਆਉਂਦੇ ਹਨ। ਆਪਣੀ ਇਸ ਪੇਸ਼ਕਾਰੀ ਵਿਚ ਮੈਂ ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ 'ਦਰੀ' ਦਾ ਇੱਕ ਪਾਠ ਸਿਰਜਦਿਆਂ ਇਸ ਦੇ ਮੋਟਿਫ, ਨਮੂਨੇ ਅਤੇ ਪ੍ਰਤੀਕਾਂ ਨੂੰ ਸਮਝਣ ਦਾ ਯਤਨ ਕੀਤਾ ਹੈ ਜਿਸ ਨਾਲ ਸਮਾਜ ਵਿਚ ਲਿੰਗ, ਸ਼ਕਤੀ, ਆਰਥਿਕ ਪਾੜੇ ਦੀਆਂ ਅਲਾਮਤਾਂ ਦੇ ਨਾਲ-ਨਾਲ ਦੇਸ ਛੱਡਣ ਦਾ ਉਦਰੇਵਾਂ ਵਰਗੇ ਪੰਜਾਬੀ ਸਮਾਜ ਦੇ ਪੱਖ ਵੀ ਉਜਾਗਰ ਹੁੰਦੇ ਦਿਸਦੇ ਹਨ। ਪੰਜਾਬੀ ਔਰਤ ਆਪਣੀ ਇਸ ਵੇਦਨਾ ਨੂੰ ਲੋਕ ਗੀਤਾਂ, ਕਥਾ-ਕਹਾਣੀਆਂ ਵਿਚ ਵਿਅਕਤ ਕਰਦੀ ਆਈ ਹੈ। ਜਿਹੜੇ ਗੀਤ ਜਾਂ ਕਥਾਵਾਂ ਉਸਨੂੰ ਆਪਣੇ ਮਨ ਦੇ ਦਰਦ ਦਾ ਪ੍ਰਗਟਾਵਾ ਲਗਦੀਆਂ ਹਨ ਉਹਨਾਂ ਨੂੰ ਦਰੀਆਂ ਦੇ ਨਮੂਨਿਆਂ ਵਿਚ ਸ਼ਾਮਿਲ ਕਰਨ ਦੀ ਸੰਭਵ ਕੋਸ਼ਿਸ਼ ਵੀ ਕਰਦੀ ਹੈ। ਇਹ ਲੋਕ ਮਨ ਦੇ ਪ੍ਰਗਟਾਵੇ ਦਾ ਦੂਹਰਾ ਧਰਾਤਲ ਹੈ ਜੋ ਫੋਕਲੋਰ ਤੋਂ ਦਸਤਕਾਰੀ ਵਿਚ ਬੁਣਿਆ ਜਾਂਦਾ ਹੈ। ਬਿਨਾਂ ਸ਼ੱਕ ਉਹ ਆਪਣੇ ਆਲੇ ਦੁਆਲੇ ਦੀ ਡਾਕੂਮੈਂਟੇਸ਼ਨ ਕਰਦੀ ਤੁਰੀ ਜਾਂਦੀ ਹੈ। ਇਹ ਸਮਾਜ ਵਿਚ ਵਾਪਰਦੇ ਵਿਕਾਸ ਦਾ ਇਤਿਹਾਸ ਸਮੋ ਲੈਂਦੀ ਹੈ । ਚਰਖੇ, ਤ੍ਰਿੰਝਣ ਵਾਂਗ ਦਰੀ ਆਪਣੇ ਆਪ ਵਿਚ ਵੀ ਪ੍ਰਤੀਕ ਹੋ ਨਿਬੜਦਾ ਹੈ, ਔਰਤ ਦੇ ਸੁਹਜ, ਸੰਘਰਸ਼ ਅਤੇ ਉਦਰੇਵੇਂ ਦਾ। ਸੋ ਦਰੀ ਸਾਡੇ ਸਭਿਆਚਾਰ ਦੀ ਇੱਕ ਵਸਤ ਹੀ ਨਹੀਂ ਬਲਕਿ ਇਤਿਹਾਸਕ-ਸਭਿਆਚਾਰਕ ਦਸਤਾਵੇਜ਼ ਵੀ ਹੈ। ਇਨ੍ਹਾਂ ਵਿਚ ਬੁਣੇ ਮੋਟਿਫ਼ ਸਧਾਰਨ ਲਗਦੇ ਹਨ ਪਰ ਸਮਾਜਿਕ-ਸਭਿਆਚਾਰਕ ਸੰਦਰਭ ਵਿਚ ਇਹ ਵੱਡੇ ਅਰਥ ਗ੍ਰਹਿਣ ਕਰ ਲੈਂਦੇ ਹਨ। ਕੁੱਲ ਮਿਲਾ ਕੇ ਦਰੀ ਵੀ ਆਪਣੇ ਆਪ ਵਿਚ ਔਰਤ ਦੇ ਸੁਹਜ, ਸੰਘਰਸ਼ ਅਤੇ ਜੀਵਨ ਦੇ ਰੁਮਾਂਚ ਦਾ ਪ੍ਰਤੀਕ ਹੋ ਨਿਬੜਦੀ ਹੈ।

**ਸਹਾਇਕ ਸਮੱਗਰੀ**


I. ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਗੁਰਬਖਸ਼ ਸਿੰਘ ਫ਼ਰੈਂਕ , ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2017.

**II. ਪੰਜਾਬ ਦਾ ਲੋਕ ਵਿਰਸਾ- II, ਡਾ. ਕਰਨੈਲ ਸਿੰਘ ਥਿੰਦ, , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ-2007.**

**III. ਪੰਜਾਬ ਦੀ ਲੋਕ ਕਲਾ, ਡਾ. ਹਰਜੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ- 2005.**

**IV. ਪੰਜਾਬ ਦੇ ਗਹਿਣੇ, ਡਾ. ਤੇਜਿੰਦਰ ਹਰਜੀਤ, ਸ਼ਿਲਪ ਰੂਪ ਅਤੇ ਸਭਿਆਚਾਰ, ਹਰਤੇਜ ਪ੍ਰਕਾਸ਼ਨ ਜਲੰਧਰ-1998.**

**V. ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ, ਡਾ.ਜਸਵਿੰਦਰ ਸਿੰਘ,**

VI. Peacock in Indian art, thought and literature, Lal, Krishna , Abhinav Publications, New Delhi, 2006.

VII. *Morphology of the tale* , Propp, V, Leningrad 1928

VIII. Cultural Anthropology , Miller, Barabra.. 4th ed. Boston: Pearson Education Inc., 2007.

IX. *On the Trail of Spider Woman: Petroglyphs, Pictographs and Myths of the Southwest*, Carol Patterson-Rudolph, 1997, Ancient City Press, Santa Fe, New Mexico

X. Lafayette de Mente Boyé *Cultural Code Words of the Navajo People*, , 2005, Phoenix Books/Publishers

XI. *Land, Sacred View: Navajo Perceptions of the Four Corners*, Robert McPherson , *Sacred*, , 1992, Charles Redd Center, Brigham Young University

XII. *Weaving is Life: Navajo Weavings from the Southwest Native American Collection*, *Edwin L. and Ruth E. Kennedy* edited by Jennifer McLerran, 2006, Kennedy Museum of Art, Ohio University, Athens, OH